SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public

- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 208** | **Tuesday, 12 November 2024** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

# ਹੁਣ ਹਿਲਜ਼ਵਿਊ ਇਲਾਕੇ 'ਚ ਵਾਜਬ ਕੀਮਤ 'ਤੇ ਖ਼ਰੀਦੋ 3 ਸਟੋਰੀ ਟਾਊਨਹਾਊਸ




**Completion in March 2026**
10 % Down until Closing | Assignment Available
**Close to many Amenities**
(Longos,Fortinos,Homedepot, Wal-Mart)
Downtown Brampton & Several parks!

## ਡੰਡਾਸ 'ਚ ਵੀ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਉਪਲੱਬਧ

ਬਰੈਂਪਟਨ, 3 ਨਵੰਬਰ (ਪੋਸਟ ਬਿਊਰੋ): ਮਿਸੀਸਾਗਾ ਅਤੇ ਬਰੈਂਪਟਨ ਦੇ ਬਾਰਡਰ 'ਤੇ ਹਿਲਜ਼ਵਿਊ ਇਲਾਕੇ ਵਿਚ ਨਵੇਂ 2004 ਸਕੇਅਰ ਫੁੱਟ ਦੇ 3 ਸਟੋਰੀ ਟਾਊਨਹਾਊਸ, ਜੋਕਿ ਮਾਰਚ, 2026 ਮੁਕੰਮਲ ਹੋਣੇ ਹਨ, ਉਲੱਬਧ ਹਨ। ਇਨ੍ਹਾਂ ਦੀ ਕੀਮਤ 8,79,900 ਡਾਲਰ ਤੋਂ ਸ਼ੁਰੂ ਹੁੰਦੀ ਹੈ। ਕਲੋਜ਼ਿੰਗ ਤੱਕ 10% ਡਾਊਨਪੇਮੈਂਟ 'ਤੇ ਮਿਲਣਗੇ। ਇਹ ਪ੍ਰਾਪਰਟੀ ਵਾਲਮਾਰਟ, ਡਾਊਨਟਾਊਨ ਬਰੈਂਪਟਨ ਅਤੇ ਕਈ ਪਾਰਕਾਂ ਦੇ ਨੇੜੇ ਹੈ। ਇਸੇ ਤਰ੍ਹਾਂ ਮਿਸੀਸਾਗਾ ਵਿਚ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਦੇ ਕਾਰਨਰ 'ਤੇ ਵਿਕਰੀ ਲਈ ਉਪਲੱਬਧ ਹਨ। ਇਨ੍ਹਾਂ ਯੂਨਿਟਾਂ ਵਿਚੋਂ 60% ਵਿਕ ਚੁੱਕੀਆਂ ਹਨ ਤੇ 900-2200 ਸਕੇਅਰ ਫੁੱਟ ਜਗ੍ਹਾ ਬਚੀ ਹੈ। ਇਨ੍ਹਾਂ ਦੀ ਕੀਮਤ ਕਰੀਬ 1050 ਡਾਲਰ ਪ੍ਰਤੀ ਸਕੇਅਰ ਫੁੱਟ ਹੈ। ਵਧੇਰੇ ਜਾਣਕਾਰੀ ਲਈ ਫੁਸ਼ (Fush)- 647-871-1433 ਅਤੇ ਜੈਸਮੀਨ- 647-878-1433 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




ਜਿਆਦਾ ਜਾਣਕਾਰੀ ਲਈ, ਕਾਲ ਕਰੋ –
**Fush at 647.871.1433 | Jasmine at 647.878.1433**

## ਅੱਜ ਨਾਮਾ

ਠਿੱਬੀ ਚੋਣਾਂ ਵਿੱਚ ਲਾਉਣ ਦਾ ਕੰਮ ਹੁੰਦੈ,
ਜੋ ਕੋਈ ਮਾਰ ਸਕਦੈ, ਉਹੀ ਮਾਰ ਜਾਂਦੈ।
ਚੱਕਰ ਲੋਕਾਂ ਨੂੰ ਮੂਰਖ ਬਣਾਉਣ ਦਾ ਈ,
ਜੋ ਕੋਈ ਚਾਰ ਸਕਦੈ, ਉਹੀ ਚਾਰ ਜਾਂਦੈ।
ਦੇ ਗਿਆ ਕੋਈ ਗਾਰੰਟੀ ਤੇ ਹੋਏ ਚਰਚਾ,
ਮਾਰਦਾ ਗੱਪ ਕੋਈ ਵੰਡ ਰੁਜ਼ਗਾਰ ਜਾਂਦੈ।
ਬਾਜ਼ੀ ਕੋਈ ਤਾਂ ਗੱਪਾਂ ਨਾਲਜਿੱਤ ਜਾਂਦਾ,
ਕਰ ਕੇ ਕੰਮ ਫਿਰ ਵੀ ਕੋਈ ਹਾਰ ਜਾਂਦੈ।
ਚੋਣ ਚੱਕਰ ਵਿੱਚ ਰੂਲ-ਅਸੂਲ ਕੋਈ ਨਾ,
ਸੁਫਨਾ ਦਿਨੇ ਹਰ ਲੀਡਰ ਵਿਖਾਈ ਜਾਂਦੈ।
ਪੁੱਛਦਾ ਅਮਲ ਨਾ ਕੋਈ ਵੀ ਚੋਣ ਮਗਰੋਂ,
ਮੁਲਕ ਤਾਂ ਫੇਰ ਵੀ ਚੱਲੀ-ਚਲਾਈ ਜਾਂਦੈ।

**ਤੀਸ ਮਾਰ ਖਾਂ**

# ਪੁਲਿਸ ਨੇ ਨਾਰਥ ਯਾਰਕ ਕਤਲਕਾਂਡ ਵਿੱਚ ਲੋੜੀਂਦੇ 2 ਮੁਲਜ਼ਮਾਂ ਦੀ ਕੀਤੀ ਪਹਿਚਾਣ, ਭਾਲ ਜਾਰੀ

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ): ਪੁਲਿਸ ਸਤੰਬਰ ਦੇ ਅੰਤ ਵਿੱਚ ਨਾਰਥ ਯਾਰਕ ਵਿੱਚ ਇੱਕ ਵਿਅਕਤੀ ਦੇ ਕਤਲ ਦੇ ਮਾਮਲੇ ’ਚ ਲੋੜੀਂਦੇ ਦੋ ਮਲਜ਼ਮਾਂ ਦੀ ਭਾਲ ਕਰ ਰਹੀ ਹੈ। ਇਹ ਘਟਨਾ 30 ਸਤੰਬਰ ਨੂੰ ਜੇਨ ਸਟਰੀਟ ਅਤੇ ਲਾਰੇਂਸ ਏਵੇਨਿਊ ਵੇਸਟ ਦੇ ਉੱਤਰ-ਪੱਛਮ ਵੱਲ ਇੱਕ ਪਲਾਜ਼ਾ ਵਿੱਚ ਹੋਈ ਸੀ।

ਟੋਰਾਂਟੋ ਪੁਲਿਸ ਨੇ ਕਿਹਾ ਕਿ ਉਹ ਗੋਲੀਬਾਰੀ ਦੀ ਰਿਪੋਰਟ ਤੋਂ ਬਾਅਦ ਸਵੇਰੇ 7:30 ਵਜੇ ਉਸ ਖੇਤਰ ਵਿੱਚ ਪਹੁੰਚੇ। ਉੱਥੇ ਅਧਿਕਾਰੀਆਂ ਨੂੰ ਇੱਕ ਵਿਅਕਤੀ ਮਿਲਿਆ ਜਿਸਨੂੰ ਗੋਲੀ ਲੱਗੀ ਸੀ।

ਟੋਰਾਂਟੋ ਨਿਵਾਸੀ 42 ਸਾਲਾ ਏਂਥਨੀ ਮੈਕਬੀਨ ਦੇ ਰੂਪ ਵਿੱਚ ਪਹਿਚਾਣੇ ਗਏ ਪੀੜਤ ਨੂੰ ਘਟਨਾ ਸਥਲ ’ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਹ ਟੋਰਾਂਟੋ ਵਿਚ ਇਸ ਸਾਲ ਦੀ




66ਵੀਂ ਘਟਨਾ ਹੈ।

ਸੋਮਵਾਰ ਨੂੰ ਜਾਰੀ ਇੱਕ ਰਿਲੀਜ਼ ਵਿੱਚ ਜਾਂਚਕਰਤਾਵਾਂ ਨੇ ਦੋ ਸ਼ੱਕੀਆਂ ਦੀ ਪਹਿਚਾਣ ਕੀਤੀ। 35 ਸਾਲ ਦਾ ਰਿਕਾਰਡਾਂ ਮੈਨੁਅਲ ਸੰਗੀ ਅਤੇ 42 ਸਾਲ ਦਾ ਡੇਬੀ ਜੋਂਸ ਦੋਵੇਂ ਹੀ ਸੈਕੰਡ ਡਿਗਰੀ ਕਤਲ ਲਈ ਲੋੜੀਂਦੇ ਹਨ।

# ਹੈਮਿਲਟਨ ਵਿੱਚ ਗੋਲੀਬਾਰੀ ’ਚ ਇੱਕ ਪੁਲਿਸ ਅਧਿਕਾਰੀ ਅਤੇ ਇੱਕ ਵਿਅਕਤੀ ਜ਼ਖਮੀ, ਐੱਸਆਈਯੂ ਕਰ ਰਹੀ ਜਾਂਚ

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ): ਓਂਟਾਰੀਓ ਦੀ ਸਪੈਸ਼ਲ ਇੰਵੈਸਟੀਗੇਸ਼ਨ ਯੂਨਿਟ (SIU) ਹੈਮਿਲਟਨ ਵਿੱਚ ਗੋਲੀਬਾਰੀ ਦੌਰਾਨ ਇੱਕ ਪੁਲਿਸ ਅਧਿਕਾਰੀ ਅਤੇ 30 ਸਾਲਾ ਇੱਕ ਵਿਅਕਤੀ ਜ਼ਖਮੀ ਹੋ ਗਏ ਜਿਸ ਦੀ ਐੱਸਆਈਯੂ ਜਾਂਚ ਕਰ ਰਹੀ ਹੈ।

ਸਿਵਿਲੀਅਨ ਏਜੰਸੀ ਅਨੁਸਾਰ, 1964 ਮੇਨ ਸਟਰੀਟ ਡਬਲਯੂ ਵਿੱਚ ਐਂਸਲੀ ਵੁਡ ਵੇਸਟ ਨੇਬਰਹੁੱਡ ਵਿੱਚ ਇੱਕ ਅਪਾਰਟਮੈਂਟ ਬਿਲਡਿੰਗ ਦੇ ਨਿਵਾਸੀ, ਜੋ ਓਸਲਰ ਸਟਰੀਟ ਦੇ ਦੱਖਣ ਵਿੱਚ ਹੈ, ਨੇ ਹੈਮਿਲਟਨ ਪੁਲਿਸ ਸਰਵਿਸ ਨਾਲ ਸੰਪਰਕ ਕਰਕੇ



ਇੱਕ ਵਿਅਕਤੀ ਦੇ ਧਮਕੀ ਭਰੇ ਤਰੀਕੇ ਨਾਲ ਕੰਮ ਕਰਨ ਦੀ ਰਿਪੋਰਟ ਕੀਤੀ।

ਐੱਸਆਈਯੂ ਨੇ ਕਿਹਾ ਕਿ ਅਧਿਕਾਰੀ ਬਿਲਡਿੰਗ ਦੀ 5ਵੀਂ ਮੰਜ਼ਿਲ ’ਤੇ ਗਏ, ਉਨ੍ਹਾਂ ਨੇ ਇੱਕ ਵਿਅਕਤੀ ਨਾਲ ਗੱਲਬਾਤ ਕੀਤੀ। 9 ਨਵੰਬਰ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਗਿਆ ਕਿ ਗੋਲੀਬਾਰੀ ਹੋਈ, ਜਿਸਦੇ ਚਲਦੇ ਵਿਅਕਤੀ ਅਤੇ ਅਧਿਕਾਰੀ ਦੋਨਾਂ ਨੂੰ ਗੋਲੀ ਲੱਗ ਗਈ। ਏਜੰਸੀ ਨੇ ਕਿਹਾ ਕਿ ਅਧਿਕਾਰੀ ਅਤੇ ਵਿਅਕਤੀ ਦੋਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਵਿੱਚ ਛੇ ਜਾਂਚਕਰਤਾਵਾਂ ਅਤੇ ਦੋ ਫੋਰੈਂਸਿਕ ਜਾਂਚਕਰਤਾਵਾਂ ਨੂੰ ਨਿਯੁਕਤ ਕੀਤਾ ਗਿਆ ਹੈ।

ਐੱਸਆਈਯੂ ਨੇ ਕਿਹਾ ਹੈ ਕਿ ਜੇਕਰ ਕਿਸੇ ਵਿਅਕਤੀ ਇਸ ਘਟਨਾ ਬਾਰੇ ਜਾਣਕਾਰੀ ਤਾਂ ਉਹ 1-800-787-8529 ’ਤੇ ਜਾਂ ਆਨਲਾਈਨ ਮੁੱਖ ਜਾਂਚਕਰਤਾ ਨਾਲ ਸੰਪਰਕ ਕਰ ਸਕਦਾ ਹੈ।

# ਏਂਬੇਸਡਰ ਬ੍ਰਿਜ ’ਤੇ ਇੱਕ ਕਰਮਚਾਰੀ ਨੇ ਲਈ ਆਪਣੀ ਜਾਨ

ਵਿੰਡਸਰ, 11 ਨਵੰਬਰ (ਪੋਸਟ ਬਿਊਰੋ): ਵਿੰਡਸਰ, ਓਂਟਾਰੀਓ ਅਤੇ ਡੇਟਰਾਇਟ, ਐੱਮਆਈ ਨੂੰ ਜੋੜਨ ਵਾਲੇ ਏਂਬੇਸਡਰ ਬ੍ਰਿਜ ’ਤੇ ਕੈਨੇਡਾ ਬਾਰਡਰ ਸਰਵਿਸੇਜ ਏਜੰਸੀ ਦੇ ਕਰਮਚਾਰੀਆਂ ਦੀ ਤਰਜਮਾਨੀ ਕਰਨ ਵਾਲੀ ਯੂਨੀਅਨ, ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ (PSAC) ਵੱਲੋਂ ਪੁਸ਼ਟੀ ਕੀਤੀ ਗਈ ਹੈ ਕਿ ਸ਼ਨੀਵਾਰ ਨੂੰ ਏਂਬੇਸਡਰ ਬ੍ਰਿਜ ’ਤੇ ਇੱਕ ਕਰਮਚਾਰੀ ਨੇ ਆਪਣੀ ਜਾਨ ਲੈ ਲਈ ਹੈ।

ਵਿੰਡਸਰ ਪੁਲਿਸ ਨੇ ਸਵੇਰੇ 10 ਵਜੇ ਦੇ ਆਸਪਾਸ ਸੋਸ਼ਲ ਮੀਡੀਆ ’ਤੇ ਪੋਸਟ ਕੀਤਾ ਕਿ ਪੁਲ ਕੋਲ ਆਵਾਜਾਈ ਨੂੰ ਮੁੜ ਤੋਂ ਰੂਟ ਕੀਤਾ ਜਾ ਰਿਹਾ ਹੈ। ਦੁਪਹਿਰ 3 ਵਜੇ ਤੋਂ ਬਾਅਦ, ਪੁਲਿਸ ਨੇ ਫਿਰ ਤੋਂ ਪੋਸਟ ਕੀਤਾ ਕਿ ਪੁਲ ਨੂੰ ਫਿਰ



ਤੋਂ ਖੋਲ੍ਹ ਦਿੱਤਾ ਗਿਆ ਹੈ। ਇਸ ਦੌਰਾਨ ਕੋਈ ਹੋਰ ਬਿਓਰਾ ਨਹੀਂ ਦਿੱਤਾ ਗਿਆ।

PSAC ਅਤੇ Customs and Immigration Union 9 ਨਵੰਬਰ ਨੂੰ ਵਿੰਡਸਰ ਵਿੱਚ ਹੋਈ ਦੁਖਦ ਘਟਨਾ ਤੋਂ ਜਾਣੂ ਹਨ, ਜਿੱਥੇ ਇੱਕ ਸੀਮਾ ਅਧਿਕਾਰੀ ਨੇ ਕੰਮ ’ਤੇ ਆਪਣੀ ਜਾਨ ਲੈ ਲਈ। ਅਸੀਂ ਮ੍ਰਿਤਕ ਦੇ ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਪ੍ਰਤੀ ਆਪਣਾ ਦੁੱਖ ਪ੍ਰਗਟ ਕਰਦੇ ਹਾਂ।

# ਪੀਲ ਖੇਤਰ ਵਿੱਚ ਹਿੰਸਕ ਪ੍ਰਦਰਸ਼ਨਾਂ ਦੇ ਮਾਮਲੇ ’ਚ ਇੱਕ ਹੋਰ ਵਿਅਕਤੀ ’ਤੇ ਲੱਗੇ ਚਾਰਜਿਜ਼

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ): ਪੁਲਿਸ ਨੇ ਪੀਲ ਖੇਤਰ ਵਿੱਚ ਹਾਲ ਹੀ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਦੇ ਮਾਮਲੇ ’ਚ ਇੱਕ ਹੋਰ ਵਿਅਕਤੀ ’ਤੇ ਚਾਰਜਿਜ਼ ਲਗਾਏ ਹਨ।

ਇਹ ਗ੍ਰਿਫ਼ਤਾਰੀ ਐਤਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਗੋਰ ਰੋਡ ’ਤੇ ਹਿੰਦੂ ਸਭਾ ਮੰਦਰ ਦੇ ਬਾਹਰ ਹੋਏ ਵਿਵਾਦ ਨਾਲ ਸਬੰਧਤ ਹੈ।

9 ਨਵੰਬਰ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿੱਚ, ਪੀਲ ਪੁਲਿਸ (ਪੀਆਰਪੀ) ਨੇ ਕਿਹਾ ਕਿ ਉਹ 3 ਨਵੰਬਰ ਦੇ ਉਸ ਪ੍ਰਦਰਸ਼ਨ ਦੇ ਕਈ ਅਪਰਾਧਾਂ ਦੀ ਜਾਂਚ ਕਰ ਰਹੇ ਹਨ, ਜਿਨ੍ਹਾਂ ਵਿਚੋਂ ਕਈ ਵੀਡੀਓ ਵਿੱਚ ਕੈਦ ਹੋਏ ਸਨ ਅਤੇ ਇਸ ਵਿੱਚ ਲੋਕਾਂ ਨੇ




ਦੂਜਿਆਂ ’ਤੇ ਹਮਲਾ ਕਰਨ ਲਈ ਝੰਡੇ ਅਤੇ ਡੰਡਿਆਂ ਦਾ ਇਸਤੇਮਾਲ ਕੀਤਾ ਸੀ।

ਬਾਅਦ ਵਿੱਚ ਸ਼ੱਕੀਆਂ ਵਿੱਚੋਂ ਇੱਕ ਦੀ ਪਹਿਚਾਣ 35 ਸਾਲਾ ਬਰੈਂਪਟਨ ਨਿਵਾਸੀ ਇੰਦਰਜੀਤ ਗੋਸਲ ਦੇ ਰੂਪ ਵਿੱਚ ਹੋਈ । ਉਸ ਨੂੰ 8 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ’ਤੇ ਹਥਿਆਰ ਨਾਲ ਹਮਲਾ ਕਰਨ ਦਾ ਚਾਰਜਿਜ਼ ਲਗਾਇਆ ਗਿਆ। ਪੁਲਿਸ ਨੇ ਕਿਹਾ ਕਿ ਗੋਸਲ ਨੂੰ ਕੁੱਝ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਸਨੂੰ ਬਰੈਂਪਟਨ ਦੀ ਇੱਕ ਅਦਾਲਤ ਵਿੱਚ ਪੇਸ਼ ਹੋਣਾ ਹੈ।

## ਬਾਰਾਤ ਲੈ ਕੇ ਆਇਆ ਸੀ ਲਾੜਾ, ਬਦਮਾਸ਼ਾਂ ਨੇ ਗੱਡੀ ’ਤੇ ਲਾਠੀਆਂ ਤੇ ਤਲਵਾਰਾਂ ਨਾਲ ਕੀਤਾ ਹਮਲਾ

ਹਾਂਸੀ, 11 ਨਵੰਬਰ (ਪੋਸਟ ਬਿਊਰੋ): ਸੈਕਟਰ-14 ਸ੍ਰੀ ਕ੍ਰਿਸ਼ਨ ਮੰਦਰ ਦੇ ਬਾਹਰ ਕੁਝ ਨੌਜਵਾਨਾਂ ਨੇ ਵਿਆਹ ਵਾਲੀਆਂ ਦੋ ਗੱਡੀਆਂ 'ਤੇ ਲਾਠੀਆਂ ਅਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਦੋਵਾਂ ਵਾਹਨਾਂ ਦੇ ਸ਼ੀਸ਼ੇ ਟੁੱਟ ਗਏ। ਮਾਂ-ਪੁੱਤ ਕਾਰ ਵਿੱਚ ਬੈਠੇ ਸਨ। ਉਨ੍ਹਾਂ ਵਿਚੋਂ ਔਰਤ ਨੇ ਵੀ ਉਨ੍ਹਾਂ ਨੌਜਵਾਨਾਂ ਅੱਗੇ ਹੱਥ ਜੋੜੇ। ਇਸ ਤੋਂ ਬਾਅਦ ਬਾਈਕ ਸਵਾਰ ਬਦਮਾਸ਼ ਫ਼ਰਾਰ ਹੋ ਗਏ। ਸੂਚਨਾ ਮਿਲਣ 'ਤੇ ਵਿਆਹ ਦੇ ਸਾਰੇ ਮਹਿਮਾਨ ਮੰਦਰ ਤੋਂ ਬਾਹਰ ਆ ਗਏ ਅਤੇ ਫਿਰ ਪੁਲਿਸ ਨੂੰ ਸੂਚਨਾ ਦਿੱਤੀ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਹਾਂਸੀ ਰੋਡ ਦੇ ਰਹਿਣ ਵਾਲੇ ਇੱਕ ਨੌਜਵਾਨ ਦਾ ਵਿਆਹ ਸ੍ਰੀ ਕ੍ਰਿਸ਼ਨ ਮੰਦਰ ਵਿੱਚ ਜੁੰਡਲਾ ਗੇਟ ਦੀ ਰਹਿਣ ਵਾਲੀ ਇੱਕ ਲੜਕੀ ਨਾਲ ਹੋ ਰਿਹਾ ਸੀ। ਲੜਕੇ ਵਾਲੇ ਬਾਰਾਤ ਲੈ ਕੇ ਕ੍ਰਿਸ਼ਨ ਮੰਦਰ ਦੇ ਬਾਹਰ ਪਹੁੰਚੇ, ਰਿਬਨ ਕੱਟ ਕੇ ਅੰਦਰ ਚਲੇ ਗਏ। ਇਸ ਦੌਰਾਨ ਕੁਝ ਨੌਜਵਾਨ ਬਾਈਕ 'ਤੇ ਸਵਾਰ ਹੋ ਕੇ ਆਏ।

ਚਸ਼ਮਦੀਦਾਂ ਦਾ ਕਹਿਣਾ ਹੈ ਕਿ ਪਹਿਲਾਂ ਨੌਜਵਾਨਾਂ ਦੀ ਆਪਸ ਵਿੱਚ ਲੜਾਈ ਹੋਈ ਅਤੇ ਫਿਰ ਉਨ੍ਹਾਂ ਨੇ ਲਾੜੇ ਦੀ ਕਾਰ 'ਤੇ ਲਾਠੀਆਂ ਅਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ ਅਤੇ ਪਿੱਛੇ ਖੜ੍ਹੀ ਕਾਰ ਦੇ ਸ਼ੀਸ਼ੇ ਤੋੜ ਦਿੱਤੇ। ਲਾੜੇ ਦੀ ਕਾਰ 'ਚ ਜਦੋਂ ਇੱਕ ਔਰਤ ਆਪਣੇ ਬੇਟੇ ਨਾਲ ਬੈਠੀ ਸੀ ਤਾਂ ਉਨ੍ਹਾਂ ਬਦਮਾਸ਼ਾਂ ਨੂੰ ਦੇਖ ਕੇ ਘਬਰਾ ਗਈ ਅਤੇ ਉਨ੍ਹਾਂ ਅੱਗੇ ਹੱਥ ਜੋੜ ਲਏ। ਇਸ ਤੋਂ ਬਾਅਦ ਨੌਜਵਾਨ ਫਰਾਰ ਹੋ ਗਏ।

ਪੁਲਿਸ ਦੇ ਜਾਂਚ ਅਧਿਕਾਰੀ ਕੁਲਦੀਪ ਸਿੰਘ ਨੇ ਦੱਸਿਆ ਕਿ ਲੋਕਾਂ ਦੇ ਬਿਆਨ ਦਰਜ ਕਰ ਲਏ ਗਏ ਹਨ। ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

# ਜਸਟਿਸ ਸੰਜੀਵ ਖੰਨਾ ਨੇ 51ਵੇਂ ਚੀਫ ਜਸਟਿਸ ਵਜੋਂ ਚੁੱਕੀ ਅਹੁਦੇ ਦੀ ਸਹੁੰ

ਨਵੀਂ ਦਿਲੀ, 11 ਨਵੰਬਰ (ਪੋਸਟ ਬਿਊਰੋ): ਸੁਪਰੀਮ ਕੋਰਟ ਦੇ ਸੀਨੀਅਰ ਜੱਜ ਜਸਟਿਸ ਸੰਜੀਵ ਖੰਨਾ ਨੇ ਅੱਜ ਨਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕ ਲਈ ਹੈ। ਉਹ ਭਾਰਤ ਦੇ 51ਵੇਂ ਚੀਫ਼ ਜਸਟਿਸ ਹੋਣਗੇ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਵੇਰੇ 10 ਵਜੇ ਸੰਜੀਵ ਖੰਨਾ ਨੂੰ ਅਹੁਦੇ ਦੀ ਸਹੁੰ ਚੁੱਕਵਾਈ। ਨਵੇਂ ਛਜ਼ੀ ਦਾ ਕਾਰਜਕਾਲ 13 ਮਈ, 2025 ਤੱਕ ਹੋਵੇਗਾ।

ਜਸਟਿਸ ਸੰਜੀਵ ਖੰਨਾ ਦਾ ਜਨਮ 14 ਮਈ 1960 ਨੂੰ ਦਿੱਲੀ ਹਾਈਕੋਰਟ ਦੇ ਸਾਬਕਾ ਜਸਟਿਸ ਦੇਵ



ਰਾਜ ਖੰਨਾ ਦੇ ਘਰ ਹੋਇਆ ਸੀ। ਉਨ੍ਹਾਂ ਨੇ ਆਪਣੀ ਸਕੂਲੀ ਪੜ੍ਹਾਈ ਮਾਡਰਨ ਸਕੂਲ, ਬਾਰਾਖੰਬਾ ਰੋਡ, ਦਿੱਲੀ ਤੋਂ ਪੂਰੀ ਕੀਤੀ। ਉਨ੍ਹਾਂ ਨੇ 1980 ਵਿੱਚ ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਬਾਅਦ ਵਿੱਚ ਡੀਯੂ ਦੇ ਕੈਂਪਸ ਲਾਅ ਸੈਂਟਰ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ।

# ਸ਼ਿਗੇਰੂ ਇਸ਼ੀਬਾ ਦੁਬਾਰਾ ਚੁਣੇ ਗਏ ਜਾਪਾਨ ਦੇ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਯੋਸ਼ੀਹਿਕੋ ਨੋਡਾ ਨੂੰ 221-160 ਦੇ ਫਰਕ ਨਾਲ ਹਰਾਇਆ

ਟੋਕੀਓ, 11 ਨਵੰਬਰ (ਪੋਸਟ ਬਿਊਰੋ): ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਦੁਬਾਰਾ ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ ਹਨ। ਸੋਮਵਾਰ ਨੂੰ ਜਾਪਾਨ ਦੀ ਸੰਸਦ ਨੇ ਉਨ੍ਹਾਂ ਨੂੰ ਅਗਲਾ ਪ੍ਰਧਾਨ ਮੰਤਰੀ ਚੁਣਿਆ। ਜਾਪਾਨ ਵਿੱਚ 27 ਅਕਤੂਬਰ ਨੂੰ ਸੰਸਦੀ ਚੋਣਾਂ ਹੋਈਆਂ ਸਨ। ਇਸ਼ੀਬਾ ਦੀ ਲਿਬਰਲ ਡੈਮੋਕ੍ਰੇਟਿਕ ਪਾਰਟੀ (ਐੱਲਡੀਪੀ) ਨੇ ਇਨ੍ਹਾਂ ਚੋਣਾਂ ਵਿੱਚ ਆਪਣਾ ਬਹੁਮਤ ਗੁਆ ਦਿੱਤਾ ਹੈ।

ਸੰਸਦੀ ਚੋਣਾਂ ਵਿੱਚ ਐੱਲਡੀਪੀ ਨੂੰ ਸਿਰਫ਼ 191 ਸੀਟਾਂ ਮਿਲੀਆਂ ਅਤੇ 65



ਸੀਟਾਂ ਦਾ ਨੁਕਸਾਨ ਹੋਇਆ। ਪਿਛਲੇ 15 ਸਾਲਾਂ ਵਿੱਚ ਪਾਰਟੀ ਦਾ ਇਹ ਸਭ ਤੋਂ ਮਾੜਾ ਪ੍ਰਦਰਸ਼ਨ ਸੀ। ਸੋਮਵਾਰ 11 ਨਵੰਬਰ ਨੂੰ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ। ਪਿਛਲੇ 30 ਸਾਲਾਂ ਵਿੱਚ ਪਹਿਲੀ ਵਾਰ ਜਾਪਾਨ ਵਿੱਚ ਪ੍ਰਧਾਨ ਮੰਤਰੀ ਦੀ ਚੋਣ ਲਈ ਵੋਟਿੰਗ ਹੋਈ।

ਇਸ਼ੀਬਾ ਨੇ ਹੋਰ ਪਾਰਟੀਆਂ ਦੇ ਸਮਰਥਨ ਨਾਲ ਮੁੱਖ ਵਿਰੋਧੀ ਨੇਤਾ ਯੋਸ਼ੀਹਿਕੋ ਨੋਡਾ ਨੂੰ 221-160 ਨਾਲ ਹਰਾਇਆ। ਹਾਲਾਂਕਿ, 465 ਸੀਟਾਂ ਵਾਲੀ ਸੰਸਦ ਵਿੱਚ ਬਹੁਮਤ ਲਈ 233 ਦਾ ਅੰਕੜਾ ਜ਼ਰੂਰੀ ਹੈ।

MagGas Medical Brampton
MGM
MAGGAS MEDICAL INC.
Helping you breathe deep and rest easy.
• CPAP ਮਸ਼ੀਨਾਂ, ਮਾਸਕ ਅਤੇ ਸਪਲਾਈ
• ਮੁਫ਼ਤ ਸਲਾਹ
• ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਮਨੀਪੁਰ ਦੇ ਜਿਰੀਬਾਮ 'ਚ ਮੁਕਾਬਲੇ 'ਚ 11 ਸ਼ੱਕੀ ਅੱਤਵਾਦੀ ਮਾਰੇ ਗਏ, ਸੀ.ਆਰ.ਪੀ.ਐੱਫ.ਦੇ ਦੋ ਜਵਾਨ ਜ਼ਖਮੀ



ਇੰਫਾਲ, 11 ਨਵੰਬਰ (ਪੋਸਟ ਬਿਊਰੋ): ਮਨੀਪੁਰ ਦੇ ਜਿਰੀਬਾਮ ਜ਼ਿਲ੍ਹੇ 'ਚ ਸੋਮਵਾਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ 11 ਸ਼ੱਕੀ ਅੱਤਵਾਦੀ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਅਧਿਕਾਰੀਆਂ ਨੇ ਦਸਿਆ ਕਿ ਇਹ ਮੁਕਾਬਲਾ ਬੋਰੋਬੇਕਾਰਾ ਸਬ-ਡਵੀਜ਼ਨ ਦੇ ਜਕੁਰਾਡੋਰ ਕਰੋਂਗ 'ਚ ਹੋਇਆ, ਜਿਸ 'ਚ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਦੋ ਜਵਾਨ ਵੀ ਜ਼ਖਮੀ ਹੋ ਗਏ।

ਉਨ੍ਹਾਂ ਕਿਹਾ ਕਿ ਭਾਰੀ ਹਥਿਆਰਾਂ ਨਾਲ ਲੈਸ ਅਤਿਵਾਦੀਆਂ ਨੇ ਕੁੱਝ ਘਰਾਂ 'ਤੇ ਹਮਲਾ ਕੀਤਾ, ਕਈ ਦੁਕਾਨਾਂ ਨੂੰ ਅੱਗ ਲਾ ਦਿਤੀ ਅਤੇ ਜ਼ਕੁਰਾਡੋਰ ਕਰੋਂਗ 'ਚ ਸੀ.ਆਰ.ਪੀ.ਐੱਫ. ਕੈਂਪ 'ਤੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਦੋਹਾਂ ਧਿਰਾਂ ਵਿਚਾਲੇ ਗੋਲੀਬਾਰੀ ਸ਼ੁਰੂ ਹੋ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਪੰਜ ਨਾਗਰਿਕ ਹਾਲੇ ਵੀ ਲਾਪਤਾ ਹਨ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਨੂੰ ਭੱਜ ਰਹੇ ਅੱਤਵਾਦੀਆਂ ਨੇ ਅਗਵਾ ਕੀਤਾ ਸੀ ਜਾਂ ਹਮਲਾ ਸ਼ੁਰੂ ਹੋਣ ਤੋਂ ਬਾਅਦ ਪਨਾਹ ਲਈ ਸੀ। ਮੁਕਾਬਲੇ 'ਚ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਨੂੰ ਬੋਰੋਬੇਕਾਰਾ ਥਾਣੇ ਲਿਆਂਦਾ ਗਿਆ। ਅਧਿਕਾਰੀਆਂ ਨੇ ਦਸਿਆ ਕਿ ਸੀ.ਆਰ.ਪੀ.ਐੱਫ. ਦੇ ਜ਼ਖਮੀ ਜਵਾਨਾਂ ਵਿਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਜਿਰੀਬਾਮ ਜ਼ਿਲ੍ਹੇ ਦੇ ਬੋਰੋਬੇਕਾਰਾ ਸਬ-ਡਵੀਜ਼ਨ 'ਚ ਹਥਿਆਰਬੰਦ ਅੱਤਵਾਦੀਆਂ ਨੇ ਸੋਮਵਾਰ ਨੂੰ ਕਈ ਦੁਕਾਨਾਂ ਨੂੰ ਅੱਗ ਲਾ ਦਿਤੀ। ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀਆਂ ਨੇ ਦੁਪਹਿਰ ਕਰੀਬ 2:30 ਵਜੇ ਬੋਰੋਬੇਕਾਰਾ ਥਾਣੇ 'ਤੇ ਕਈ ਗੋਲੀਆਂ ਚਲਾਈਆਂ ਅਤੇ ਜ਼ਕੁਰਾਡੋਰ ਕਰੋਂਗ ਵਲ ਵਧਦੇ ਹੋਏ ਅੱਗ ਲਗਾਉਣੀ ਸ਼ੁਰੂ ਕਰ ਦਿਤੀ। ਇਹ ਇਲਾਕਾ ਜ਼ਿਲ੍ਹੇ ਦੇ ਸੱਭ ਤੋਂ ਵੱਧ ਪ੍ਰਭਾਵਤ ਖੇਤਰਾਂ 'ਚੋਂ ਇਕ ਹੈ। ਪਿਛਲੇ ਹਫਤੇ ਜੈਰੋਂ ਹਮਾਰ ਪਿੰਡ 'ਤੇ ਹਥਿਆਰਬੰਦ ਵਿਅਕਤੀਆਂ ਦੇ ਹਮਲੇ ਤੋਂ ਬਾਅਦ ਜ਼ਿਲ੍ਹੇ 'ਚ ਤਣਾਅ ਪੈਦਾ ਹੋ ਗਿਆ ਸੀ, ਜਿਸ 'ਚ ਇਕ 31 ਸਾਲ ਦੀ ਔਰਤ ਦੀ ਮੌਤ ਹੋ ਗਈ ਸੀ।

# ਅਮਰੀਕਾ ਵਿਚ ਟਸਕੇਗੀ ਯੂਨੀਵਰਸਿਟੀ 'ਚ ਚੱਲੀ ਗੋਲੀ, ਇੱਕ ਮੌਤ, 16 ਜ਼ਖ਼ਮੀ

ਨਿਊਯਾਰਕ, 11 ਨਵੰਬਰ (ਪੋਸਟ ਬਿਊਰੋ): ਅਮਰੀਕਾ ਵਿਚ ਨਵੀਂ ਸਰਕਾਰ ਬਣਨ ਤੋਂ ਬਾਅਦ ਵੀ ਗੋਲ਼ੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਐਤਵਾਰ ਤੜਕੇ ਅਲਾਬਾਮਾ ਵਿੱਚ ਟਸਕੇਗੀ ਯੂਨੀਵਰਸਿਟੀ ਵਿੱਚ ਗੋਲ਼ੀਬਾਰੀ ਹੋਈ। ਇਸ ਘਟਨਾ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 16 ਹੋਰ ਜ਼ਖ਼ਮੀ ਹੋ ਗਏ।

ਪੁਲਿਸ ਨੇ ਦੱਸਿਆ ਕਿ ਗੋਲ਼ੀਬਾਰੀ ਦਾ ਸ਼ਿਕਾਰ 18 ਸਾਲਾ ਵਿਦਿਆਰਥੀ ਯੂਨੀਵਰਸਿਟੀ ਦਾ ਵਿਦਿਆਰਥੀ ਨਹੀਂ ਸੀ ਪਰ ਜ਼ਖ਼ਮੀਆਂ ਵਿੱਚੋਂ ਕੁਝ ਯੂਨੀਵਰਸਿਟੀ ਦੇ ਵਿਦਿਆਰਥੀ ਸਨ। ਪੁਲਿਸ ਨੇ ਹੁਣ ਇੱਕ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਯੂਨੀਵਰਸਿਟੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਗੋਲ਼ੀਬਾਰੀ ਵਿੱਚ ਮਰਨ ਵਾਲੇ ਵਿਅਕਤੀ ਦੇ ਮਾਪਿਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਟਸਕੇਗੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਸਮੇਤ ਕਈ ਹੋਰ ਜ਼ਖ਼ਮੀ ਹੋ ਗਏ ਅਤੇ ਓਪੇਲਿਕਾ ਦੇ ਈਸਟ ਅਲਾਬਾਮਾ ਮੈਡੀਕਲ ਸੈਂਟਰ ਅਤੇ ਮੋਂਟਗੋਮਰੀ ਦੇ ਬੈਪਟਿਸਟ ਸਾਊਥ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਟਸਕੇਗੀ ਨੇ ਸ਼ਨੀਵਾਰ ਨੂੰ ਆਪਣੀ 100ਵੀਂ ਘਰ ਵਾਪਸੀ ਦਾ ਜਸ਼ਨ ਮਨਾਇਆ ਕਿਉਂਕਿ ਟਸਕੇਗੀ ਅਤੇ ਮਾਈਲਸ ਕਾਲਜ ਆਫ ਅਲਾਬਾਮਾ



ਵਿਚਕਾਰ ਫੁੱਟਬਾਲ ਮੈਚ ਹੋ ਰਿਹਾ ਸੀ।

ਮੈਕਨ ਕਾਊਂਟੀ ਦੇ ਕੋਰੋਨਰ ਹਾਲ ਬੈਂਟਲੇ ਨੇ ਐਤਵਾਰ ਨੂੰ ਐਸੋਸੀਏਟਡ ਪ੍ਰੈੱਸ ਨੂੰ ਦੱਸਿਆ ਕਿ ਮੋਂਟਗੋਮਰੀ ਵਿੱਚ ਸਟੇਟ ਫੋਰੈਂਸਿਕ ਕੇਂਦਰ ਵਿੱਚ ਪੋਸਟਮ-ਾਰਟਮ ਕੀਤਾ ਜਾਵੇਗਾ। ਸਿਟੀ ਪੁਲਿਸ ਦੇ ਮੁਖੀ ਪੈਟਰਿਕ ਮਾਰਡਿਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚ ਇੱਕ ਵਿਦਿਆਰਥਣ ਸ਼ਾਮਿਲ ਹੈ ਜਿਸ ਦੇ ਪੇਟ ਵਿੱਚ ਗੋਲੀ ਲੱਗੀ ਸੀ ਅਤੇ ਇੱਕ ਵਿਦਿਆਰਥੀ ਜਿਸ ਨੂੰ ਬਾਂਹ ਵਿੱਚ ਗੋਲੀ ਲੱਗੀ ਸੀ।

ਟਸਕੇਗੀ ਪੁਲਿਸ ਮੁਖੀ ਦੇ ਦਫ਼ਤਰ ਵਿੱਚ ਫ਼ੋਨ ਦਾ ਜਵਾਬ ਦੇਣ ਵਾਲੇ ਇੱਕ ਵਿਅਕਤੀ ਨੇ ਕਿਹਾ ਕਿ ਤੁਰੰਤ ਕੋਈ ਹੋਰ ਜਾਣਕਾਰੀ ਉਪਲਬਧ ਨਹੀਂ ਹੈ। ਅਲਾਬਾਮਾ ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਵੀ ਜਾਂਚ ਕਰ ਰਹੀ ਹੈ।

# ਭਾਰਤ ਦੇ ਵਿਦੇਸ਼ ਮੰਤਰੀ ਨੇ ਜੈਸ਼ੰਕਰ ਨੇ ਕਿਹਾ- ਭਾਰਤ ਟਰੰਪ ਦੀ ਜਿੱਤ ਤੋਂ ਚਿੰਤਤ ਨਹੀਂ

ਨਵੀਂ ਦਿੱਲੀ, 11 ਨਵੰਬਰ (ਪੋਸਟ ਬਿਊਰੋ): ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਟਰੰਪ ਦੀ ਜਿੱਤ ਤੋਂ ਬਾਅਦ ਭਾਰਤ-ਅਮਰੀਕਾ ਸਬੰਧਾਂ 'ਤੇ ਪਹਿਲੀ ਵਾਰ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਐਤਵਾਰ ਨੂੰ ਕਿਹਾ ਕਿ ਦੁਨੀਆਂ ਦੇ ਕਈ ਦੇਸ਼ ਟਰੰਪ ਦੀ ਜਿੱਤ ਤੋਂ ਚਿੰਤਤ ਹਨ, ਪਰ ਭਾਰਤ ਨੂੰ ਟਰੰਪ ਦੇ ਦੁਬਾਰਾ ਰਾਸ਼ਟਰਪਤੀ ਬਣਨ ਦੀ ਚਿੰਤਾ ਨਹੀਂ ਹੈ।

ਜੈਸ਼ੰਕਰ ਮੁੰਬਈ ਵਿੱਚ ਆਦਿਤਿਆ ਬਿਰਲਾ ਗਰੁੱਪ ਸਕਾਲਰਸ਼ਿਪ ਪ੍ਰੋਗਰਾਮ ਦੇ ਸਿਲਵਰ ਜੁਬਲੀ ਸਮਾਗਮ ਵਿੱਚ ਸ਼ਾਮਿਲ ਹੋਏ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੋਦੀ ਉਨ੍ਹਾਂ ਪਹਿਲੇ ਤਿੰਨ ਵਿਸ਼ਵ ਨੇਤਾਵਾਂ ਵਿੱਚੋਂ ਇੱਕ ਸਨ ਜਿਨ੍ਹਾਂ ਨਾਲ ਟਰੰਪ ਨੇ ਆਪਣੀ ਜਿੱਤ ਤੋਂ ਬਾਅਦ ਗੱਲ ਕੀਤੀ ਸੀ।

ਜੈਸ਼ੰਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਕਈ ਅਮਰੀਕੀ



ਰਾਸ਼ਟਰਪਤੀਆਂ ਨਾਲ ਮਜ਼ਬੂਤ ਨਿੱਜੀ ਸਬੰਧ ਰਹੇ ਹਨ। ਜਦੋਂ ਉਹ ਪਹਿਲੀ ਵਾਰ ਵਾਸ਼ਿੰਗਟਨ ਡੀਸੀ ਗਏ ਤਾਂ ਉੱਥੇ ਰਾਸ਼ਟਰਪਤੀ ਓਬਾਮਾ, ਫਿਰ ਡੋਨਾਲਡ ਟਰੰਪ, ਫਿਰ ਜੋਅ ਬਾਇਡਨ ਸਨ। ਇਹ ਉਨ੍ਹਾਂ ਲਈ ਬਹੁਤ ਕੁਦਰਤੀ ਹੈ। ਉਹ ਵਿਸ਼ਵ ਨੇਤਾਵਾਂ ਨਾਲ ਮਜ਼ਬੂਤ ਨਿੱਜੀ ਸਬੰਧ ਬਣਾਉਂਦੇ ਹਨ। ਇਸ ਨਾਲ ਭਾਰਤ ਨੂੰ ਮਦਦ ਮਿਲਦੀ ਹੈ।

5 ਨਵੰਬਰ ਨੂੰ ਹੋਈਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾਇਆ ਸੀ।






ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175


ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664





**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**






# ਬੇਭਰੋਸਗੀ ਦਾ ਅਮਲ ਜੇ ਏਸੇ ਤਰ੍ਹਾਂ ਵਧਦਾ ਗਿਆ ਤਾਂ...

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਵਿੱਚ ਭਰੋਸੇ ਦੀ ਗੱਲ ਤਾਂ ਬਹੁਤ ਚੱਲਦੀ ਹੈ, ਪਰ ਬੇਭਰੋਸਗੀ ਜਾਂ ਭਰੋਸੇਹੀਣਤਾ ਦਾ ਅਮਲ ਕਿਹੜੀ ਹੱਦ ਤੱਕ ਸਾਡੇ ਰਾਹ ਰੋਕਣ ਦਾ ਕੰਮ ਕਰਦਾ ਰਹੇਗਾ, ਇਸ ਬਾਰੇ ਕੋਈ ਨਹੀਂ ਜਾਣਦਾ। ਇਸ ਮਹੀਨੇ ਦੀ ਸੱਤ ਤਰੀਕ ਦੇ ਦਿਨ ਮਹਾਰਾਸ਼ਟਰ ਵਿੱਚ ਵਿਰੋਧੀ ਗੱਠਜੋੜ ਨੇ ਇੱਕ ਚੋਣ ਇਸ਼ਤਿਹਾਰ ਜਾਰੀ ਕੀਤਾ ਅਤੇ ਉਸ ਵਿੱਚ ਆਪਣੀ ਜਿੱਤ ਦੇ ਬਾਅਦ ਵੋਟਰਾਂ ਨੂੰ ਕੁਝ ਲਾਭ ਦੇਣ ਦੀਆਂ ਗਾਰੰਟੀਆਂ ਦਿੱਤੀਆਂ ਸਨ। ਵੋਟਰਾਂ ਵਾਸਤੇ ਵਾਅਦੇ ਕਰਨ ਦੀ ਬਜਾਏ ਗਾਰੰਟੀਆਂ ਪੇਸ਼ ਕਰਨ ਦਾ ਅਮਲ ਹੋਰ ਸਾਰਿਆਂ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਬਣਨ ਦਾ ਸੰਘਰਸ਼ ਕਰਦੇ ਅਰਵਿੰਦ ਕੇਜਰੀਵਾਲ ਨੇ ਦੇਸ਼ ਦੇ ਲੋਕਾਂ ਮੂਹਰੇ ਪਰੋਸਿਆ ਸੀ।

ਓਦੋਂ ਕਈ ਸਿਆਸੀ ਪਾਰਟੀਆਂ ਅਤੇ ਆਗੂਆਂ ਨੇ ਇਸ ਨੂੰ ਪਾਖੰਡ ਅਤੇ ਵੋਟਰਾਂ ਨੂੰ ਭਰਮਾਉਣ ਦਾ ਇੱਕ ਨਵਾਂ ਫਾਰਮੂਲਾ ਕਿਹਾ ਸੀ, ਪਰ ਅੱਜ ਹਰ ਇੱਕ ਪਾਰਟੀ ਆਪਣੇ ਵਾਅਦਿਆਂ ਨੂੰ ਵਾਅਦੇ ਕਹਿਣ ਦੇ ਉਸ ਪਹਿਲੇ ਸਮਿਆਂ ਦੇ ਢੰਗ ਦੀ ਥਾਂ ਗਾਰੰਟੀਆਂ ਕਹਿਣ ਲੱਗ ਪਈ ਹੈ। ਵੋਟਰ ਯਕੀਨ ਤਾਂ ਕੁਝ ਨਾ ਕੁਝ ਕਰ ਲੈਂਦੇ ਹਨ, ਪਰ ਸੱਚਾਈ ਇਹ ਹੈ ਕਿ ਨਾ ਪਹਿਲਾਂ ਵਾਅਦਿਆਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਦਾ ਪੱਕਾ ਭਰੋਸਾ ਹੁੰਦਾ ਸੀ ਤੇ ਨਾ ਅੱਜਕੱਲ੍ਹ ਪੇਸ਼ ਕੀਤੀਆਂ ਜਾਂਦੀਆਂ ਗਾਰੰਟੀਆਂ ਵਿੱਚੋਂ ਕਿਸੇ ਨੂੰ ਗਾਰੰਟੀ ਦੀ ਕੋਈ ਗੱਲ ਜਾਪਦੀ ਹੈ। ਫਿਰ ਵੀ ਗਾਰੰਟੀਆਂ ਦੀ ਜਿਹੜੀ ਖੇਡ ਇਹ ਚੱਲ ਤੁਰੀ ਹੈ, ਇਸ ਨੇ ਮਹਾਰਾਸ਼ਟਰ ਵਿੱਚ ਵੀ ਨਵਾਂ ਰੰਗ ਵਿਖਾ ਦਿੱਤਾ ਹੈ ਅਤੇ ਓਥੇ ਵਿਰੋਧੀ ਗੱਠਜੋੜ ਦੀਆਂ ਗਾਰੰਟੀਆਂ ਦੇ ਭਰੋਸੇ ਦਾ ਹਾਕਮ ਗੱਠਜੋੜ ਦੀ ਮੁਖੀ ਧਿਰ ਭਾਜਪਾ ਨੇ ਵਾਹਵਾ ਮਜ਼ਾਕ ਉਡਾਇਆ ਹੈ ਅਤੇ ਇਸ ਮਜ਼ਾਕ ਬਾਰੇ ਸ਼ਿਕਾਇਤ ਚੋਣ ਕਮਿਸ਼ਨ ਤੱਕ ਪੁੱਜੀ ਹੈ। ਸ਼ਿਕਾਇਤ ਦੇ ਲਿਖਤੀ ਮੁੱਦੇ ਤਾਂ ਜੋ ਕੁਝ ਵੀ ਹੋਣ, ਦਿਲਚਸਪ ਗੱਲ ਇਹ ਹੈ ਕਿ ਭਾਜਪਾ ਖੁਦ ਗਾਰੰਟੀਆਂ ਪੇਸ਼ ਕਰਦੀ ਹੈ, ਪਰ ਲੋਕਾਂ ਨੂੰ ਇਹ ਕਹਿੰਦੀ ਹੈ ਕਿ ਵਿਰੋਧੀ ਗੱਠਜੋੜ ਦੀਆਂ ਗਾਰੰਟੀਆਂ ਦਾ ਭਰੋਸਾ ਨਾ ਕਰੋ, ਇਹ ਅਮਲ ਨਹੀਂ ਕਰਦੇ, ਜਦ ਕਿਕਈ ਗਾਰੰਟੀਆਂ ਦੀਉਲੰਘਣਾਇਹਖੁਦਕਰ ਚੁੱਕੀ ਹੈ।

ਗਾਰੰਟੀਆਂ ਅਤੇ ਅਮਲਾਂ ਤੋਂ ਭੱਜਣ ਦੀ ਸ਼ਿਕਾਇਤ ਨਰਿੰਦਰ ਮੋਦੀ ਦੇ 2014 ਦੇ ਵਾਅਦਿਆਂ ਨਾਲ ਜੋੜ ਕੇ ਆਖੀ ਜਾਂਦੀ ਹੈ। ਅਸੀਂ ਇਸ ਨੂੰ ਇੰਦਰਾ ਗਾਂਧੀ ਵੱਲੋਂ ਸਾਢੇ ਪੰਜ ਦਹਾਕੇ ਪਹਿਲਾਂ ਪੇਸ਼ ਕੀਤੇ 'ਗਰੀਬੀ ਹਟਾਉ' ਦੇ ਨਾਅਰੇ ਤੋਂ ਸ਼ੁਰੂ ਕਰ ਸਕਦੇ ਹਾਂ। ਮੈਨੂੰ ਇਜਾਜ਼ਤ ਮਿਲੇ ਤਾਂ ਓਦੋਂ ਵੀ ਦੋ ਦਹਾਕੇ ਪਹਿਲਾਂ ਮੇਰੇ ਪਿੰਡ ਅਤੇ ਉਸ ਵਕਤ ਦੇ ਉਸ ਖੇਤਰ ਦੇ ਵਿਧਾਇਕ ਪ੍ਰਤਾਪ ਸਿੰਘ ਕੈਰੋਂ ਦੇ ਵਾਅਦਿਆਂ ਤੋਂ ਇਹ ਗੱਲ ਸ਼ੁਰੂ ਕਰ ਸਕਦਾ ਹਾਂ। ਉਹ ਚੋਣਾਂ ਦੇ ਦਿਨਾਂ ਵਿੱਚ ਪਿੰਡਾਂ ਵਿੱਚ ਬਿਜਲੀ ਵਾਸਤੇਖੰਭੇ ਤੇ ਪੱਕੀ ਸੜਕ ਬਣਾਉਣ ਲਈ ਬੱਜਰੀ ਸੁੱਟਵਾ ਦਿੱਤਾ ਕਰਦਾ ਸੀ ਤੇ ਚੋਣਾਂ ਲੰਘਦੇ ਸਾਰ ਰਾਤ ਦੇ ਵਕਤ ਉਸ ਦੀ ਸਰਕਾਰ ਦੇ ਮੁਲਾਜ਼ਮ ਆ ਕੇ ਸਾਰਾ ਕੁਝ ਟਰੱਕਾਂ ਵਿੱਚ ਲੱਦ ਕੇ ਲੈ ਜਾਂਦੇ ਸਨ। ਐਮਰਜੈਂਸੀ ਟੁੱਟਣ ਦੇ ਬਾਅਦ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿੱਚ ਜਨਤਾ ਪਾਰਟੀ ਗੱਠਜੋੜ ਦੇ ਆਗੂਆਂ ਨੇ ਲੋਕਾਂ ਨੂੰ ਕਰਜ਼ੇ ਮੁਆਫ ਕਰ ਦੇਣ ਦਾ ਭਰੋਸਾ ਦਿੱਤਾ ਸੀ ਤੇ ਫਿਰ ਰਾਜੀਵ ਗਾਂਧੀ ਨਾਲੋਂ ਵੱਖ ਹੋਏ ਵੀ ਪੀ ਸਿੰਘ ਨੇ ਵੀ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਵਾਸਤੇ ਚੋਣ ਮੁਹਿੰਮ ਦੌਰਾਨ ਇਹੋ ਵਾਅਦਾ ਕੀਤਾ ਸੀ, ਪਰ ਕਦੇ ਮੁਆਫ ਨਹੀਂ ਹੋਏ। ਅੱਜਕੱਲ੍ਹ ਦੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਟੀਮ ਮੈਂਬਰ ਵੀ ਸਿਰਫ ਉਹ ਵਾਅਦੇ ਲਾਗੂ ਕਰਦੇ ਹਨ, ਜਿਹੜੇ ਵਿਰੋਧੀ ਧਿਰਾਂ ਚੁੱਕ ਲੈਂਦੀਆਂ ਹਨ, ਵਾਅਦਿਆਂ ਅਤੇ ਗਾਰੰਟੀਆਂ ਦੀ ਬਾਕੀ ਪੰਡ ਬੱਝੀ ਰਹਿ ਜਾਂਦੀ ਹੈ। ਕਮਾਲ ਦੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕੋ ਸਾਹੇ ਲੋਕਾਂ ਨੂੰ ਮੁਫਤ ਦੀਆਂ ਰੇਵੜੀਆਂ ਦੀ ਪੇਸ਼ਕਸ਼ ਵੀ ਕਰਦੇ ਰਹਿੰਦੇ ਹਨ ਤੇ ਨਾਲ ਉਹ ਵਿਰੋਧੀ ਧਿਰਾਂ ਉੱਤੇ ਮੁਫਤ ਦੀਆਂ ਰੇਵੜੀਆਂ ਵੰਡਣ ਦਾ ਦੋਸ਼ ਲਾਉਣ ਦੀਵੀ ਕਸਰ ਨਹੀਂ ਛੱਡਦੇ। ਭਾਰਤ ਦੇ ਲੋਕਾਂ ਦੀ ਹਿੰਮਤ ਹੈ ਕਿ ਉਹ ਮੁਫਤ ਦੀਆਂ ਅਸਲੀ ਰੇਵੜੀਆਂ ਦਾ ਸਵਾਦ ਵੇਖਣ ਦੀ ਥਾਂ ਉਨ੍ਹਾਂ ਰੇਵੜੀਆਂ ਦੀਆਂ ਗੱਲਾਂ ਨਾਲ ਮੂੰਹ ਵਿੱਚ ਪਾਣੀ ਭਰ ਜਾਣ ਤੋਂ ਸੰਤੁਸ਼ਟ ਹੋ ਕੇ ਵੀ ਕਿਸੇ ਆਗੂ ਦੀ ਝੋਲੀ ਵੋਟਾਂ ਨਾਲ ਭਰ ਦੇਣ ਤੱਕ ਬਗੈਰ ਸੋਚਣ ਤੋਂ ਤੁਰਦੇ ਜਾਂਦੇ ਹਨ।

ਕੁਝ ਦਿਨ ਪਹਿਲਾਂ ਅਸੀਂ ਨਿਆਂ ਪਾਲਿਕਾ ਦੇ ਅੰਦਰਲੀ ਹਾਲਤ ਬਾਰੇ ਲਿਖਿਆ ਸੀ ਅਤੇ ਇਸ ਮਹੀਨੇ ਫਿਰ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦੇ ਇੱਕ ਫੈਸਲੇ ਨੇ ਏਦਾਂ ਦੀ ਚਰਚਾ ਦਾ ਮੁੱਦਾ ਪੇਸ਼ ਕਰ ਦਿੱਤਾ ਹੈ। ਸੁਪਰੀਮ ਕੋਰਟ ਕਹਿੰਦੀ ਹੈ ਕਿ ਕਿਸੇ ਵੀ ਤਰ੍ਹਾਂ ਦੇ ਮੁਲਾਜ਼ਮਾਂ ਦੀ ਭਰਤੀ ਲਈ ਕੋਈ ਪ੍ਰਕਿਰਿਆ ਜਦੋਂ ਇੱਕ ਵਾਰ ਸ਼ੁਰੂ ਕਰ ਦਿੱਤੀ ਜਾਵੇ ਤਾਂ ਉਸ ਦੇ ਨਿਯਮਾਂ ਜਾਂ ਹੋਰ ਸ਼ਰਤਾਂ ਆਦਿ ਵਿੱਚ ਵਾਧਾ-ਘਾਟਾ ਨਹੀਂ ਕੀਤਾ ਜਾਣਾ ਚਾਹੀਦਾ। ਇਹ ਗੱਲ ਬਹੁਤ ਵੱਡੀ ਹੈ ਤੇ ਬਹੁਤ ਅਹਿਮ ਵੀ, ਕਿਉਂਕਿ ਭਰਤੀ ਦੇ ਨਿਯਮਾਂ ਵਿੱਚ ਵਾਧੇ-ਘਾਟੇ ਦੀਆਂ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ ਤੇ ਹਰ ਮਿਸਾਲ ਪਹਿਲੀਆਂ ਤੋਂ ਵੱਧ ਹੈਰਾਨ ਕਰਨ ਵਾਲੀ ਕਹੀ ਜਾ ਸਕਦੀ ਹੈ। ਏਦਾਂ ਦੇ ਕਈ ਕੇਸ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ ਵਿੱਚੋਂ ਵੀ ਅਤੇ ਹਰਿਆਣੇ ਵਿੱਚੋਂ ਵੀ ਪਹੁੰਚਦੇ ਰਹੇ ਹਨ, ਜਿੱਥੇ ਕਿਸੇ ਵਿਭਾਗ ਦੇ ਮੁਲਾਜ਼ਮਾਂ ਦੀ ਭਰਤੀ ਕਰਨ ਦੇ ਇਸ਼ਤਿਹਾਰ ਜਾਰੀ ਕੀਤੇ ਜਾਣ ਪਿੱਛੋਂ ਨਿਯਮਾਂ ਤੇ ਸ਼ਰਤਾਂ ਵਿੱਚ ਵਾਧਾ-ਘਾਟਾ ਕੀਤਾ ਜਾਂਦਾ ਰਿਹਾ ਅਤੇ ਅਦਾਲਤ ਨੇ ਹਰ ਵਾਰੀ ਏਦਾਂ ਕੀਤੇ ਜਾਣ ਉੱਤੇ ਨਾਰਾਜ਼ਗੀ ਵਿਖਾਈ ਹੋਈ ਹੈ। ਇਸ ਦੇ ਬਾਵਜੂਦ ਇੰਜ ਕਰਨ ਦੀ ਆਦਤ ਦੋਵਾਂ ਰਾਜਾਂ ਦੇ ਆਗੂਆਂ ਅਤੇ ਅਧਿਕਾਰੀਆਂ ਦੀ ਜਾਰੀ ਹੈ ਅਤੇ ਪਤਾ ਨਹੀਂ ਕਦੋਂ ਤੱਕ ਏਦਾਂ ਹੀ ਜਾਰੀ ਰਹੇਗੀ!

ਸਾਡੇ ਕੋਲ ਗਵਾਂਢੀ ਰਾਜ ਹਰਿਆਣੇ ਦੀ ਮਿਸਾਲ ਹੈ ਕਿ ਇੱਕ ਮੁੱਖ ਮੰਤਰੀ ਨੂੰ ਉਸ ਦੇ ਪੁੱਤਰਅਤੇ ਕੁਝ ਹੋਰਨਾਂ ਦੇ ਨਾਲ ਦਸ ਸਾਲ ਜੇਲ੍ਹ ਵਿੱਚ ਗੁਜ਼ਾਰਨੇ ਪਏ ਸਨ। ਕਾਰਨ ਇਹੋ ਸੀ ਕਿ ਭਰਤੀਆਂ ਦੇ ਬਹਾਨੇ ਨੋਟ ਕਮਾਉਣ ਲਈ ਉਸ ਰਾਜ ਵਿੱਚ ਚੱਲਦੀ ਭਰਤੀ ਪ੍ਰਕਿਰਿਆ ਨੂੰ ਮਜ਼ਾਕ ਬਣਾ ਦਿੱਤਾ ਸੀ। ਟੀਚਰ ਭਰਤੀ ਕੀਤੇ ਜਾਣੇ ਸਨ ਅਤੇ ਇਸ ਕੰਮ ਲਈ ਸਾਰੇ ਟੈਸਟ ਅਤੇ ਇੰਟਰਵਿਊ ਹੋ ਚੁੱਕਣ ਮਗਰੋਂ ਜਦੋਂ ਚੁਣੇ ਜਾ ਚੁੱਕੇ ਉਮੀਦਵਾਰਾਂ ਦੀ ਸੂਚੀ ਵੀ ਬੋਰਡਾਂ ਉੱਤੇ ਲਾਈ ਜਾ ਚੁੱਕੀ ਸੀ ਤਾਂ ਅਚਾਨਕ ਨਿਯਮ ਬਦਲਣ ਦੇ ਨਾਂਅ ਉੱਤੇ ਰਾਤੋ-ਰਾਤ ਚੁਣੇ ਹੋਏ ਨੌਜਵਾਨਾਂ ਦੀ ਥਾਂ ਨਵੇਂ ਚੁਣੇ ਗਿਆਂ ਵਾਲੀ ਸੂਚੀ ਜਾਰੀ ਕਰ ਦਿੱਤੀ ਸੀ। ਅਗਲੇ ਦਿਨੀਂ ਉਹ ਸੂਚੀ ਪਾਸੇ ਰੱਖ ਕੇ ਦੂਸਰੀ ਅਤੇ ਫਿਰ ਤੀਸਰੀ ਭਰਤੀ ਸੂਚੀ ਜਾਰੀ ਕਰ ਦਿੱਤੀ ਗਈ ਤਾਂ ਰੌਲਾ ਪੈ ਗਿਆ ਕਿ ਪਹਿਲਿਆਂ ਦੇ ਪੈਸੇ ਮੋੜੇ ਨਹੀਂ ਗਏ ਤੇ ਨਵਿਆਂ ਤੋਂ ਪੈਸੇ ਬਟੋਰ ਕੇ ਨਵੀਂਆਂ ਸੂਚੀਆਂ ਜਾਰੀ ਕੀਤੀਆਂ ਜਾ ਰਹੀਆਂ ਹਨ। ਜਿਸ ਅਫਸਰ ਨੇ ਇਹ ਸਾਰਾ ਕਿੱਸਾ ਆਮ ਲੋਕਾਂ ਤੇ ਦੇਸ਼ ਦੀਆਂ ਅਦਾਲਤਾਂ ਅੱਗੇ ਖੋਲ੍ਹ ਕੇ ਖਿਲਾਰਿਆ ਤੇ ਵਾਹ-ਵਾਹ ਖੱਟਦਾ ਰਿਹਾ ਸੀ, ਪਿੱਛੋਂ ਇਹ ਪਤਾ ਲੱਗਾ ਕਿ ਉਹ ਖੁਦ ਇਸ ਗੰਦੇ ਧੰਦੇ ਵਿੱਚ ਸ਼ਾਮਲ ਸੀ, ਸਿਰਫ ਹਿੱਸਾ ਘੱਟ ਮਿਲਣ ਤੋਂ ਰੁੱਸ ਗਿਆ ਸੀ। ਸਾਰਿਆਂ ਨੂੰ ਅਦਾਲਤ ਨੇ ਸਜ਼ਾ ਦੇ ਦਿੱਤੀ, ਪਰ ਜਿਹੜਾ ਪਾਪ ਉਨ੍ਹਾਂ ਨੇ ਕੀਤਾ ਅਤੇ ਫਿਰ ਕੀਤੇ ਪਾਪ ਦਾ ਫਲ ਭੁਗਤਿਆ ਸੀ, ਉਹ ਕੰਮ ਅੱਜ ਤੱਕ ਵੀ ਚੱਲੀ ਜਾਂਦਾ ਹੈ, ਕਿਸੇ ਤਰ੍ਹਾਂ ਦਾ ਫਰਕ ਹੀ ਨਹੀਂ ਪਿਆ, ਕਿਉਂਕਿ ਭਾਰਤ ਵਿੱਚ ਇੱਕ ਕਿੱਸਾ ਸਿਰੇ ਲੱਗਣ ਤੱਕ ਚਾਰ ਹੋਰ ਕੇਸ ਵਾਪਰ ਜਾਂਦੇ ਹਨ। ਭਰਤੀ ਦੀ ਪ੍ਰਕਿਰਿਆ ਵਿੱਚ ਏਦਾਂ ਦੇ ਘਾਲੇ-ਮਾਲੇ ਕੁਝ ਕੀਤੇ ਜਾਂਦੇ ਹਨ, ਕੁਝ ਸਹਿਜ ਸੁਭਾਅ ਹੋ ਜਾਂਦੇ ਹਨ, ਪਰ ਜਿੱਦਾਂ ਵੀ ਹੁੰਦਾ ਹੋਵੇ, ਆਖਰ ਤਾਂ ਆਮ ਲੋਕਾਂ ਦੇ ਅਣਭੋਲ ਪੁੱਤਰ-ਧੀਆਂ ਹੀ ਇਸ ਦਾ ਖਮਿਆਜ਼ਾ ਭੁਗਤਦੇ ਦਿਖਾਈ ਦੇਂਦੇ ਹਨ।

ਲੀਡਰ ਕਰਨ ਜਾਂ ਅਧਿਕਾਰੀ ਕਰਨ, ਜੇ ਉਹ ਕਿਸੇ ਸਰਕਾਰ ਨਾਲ ਜੁੜੇ ਹੋਏ ਹੋਣ ਤਾਂ ਦੁਹਾਈ ਪੈ ਜਾਂਦੀ ਹੈ, ਪਰ ਏਦਾਂ ਦਾ ਕੰਮ ਅਦਾਲਤਾਂ ਵਿੱਚੋਂ ਵੀ ਕਈ ਵਾਰ ਹੋ ਜਾਂਦਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇੱਕ ਵਾਰੀ ਏਦਾਂ ਦੀ ਭਰਤੀ ਦੇ ਪੇਪਰ ਲੀਕ ਹੋਣ ਦਾ ਰੌਲਾ ਪਿਆ ਸੀ ਅਤੇ ਜਿਹੜਾ ਅਧਿਕਾਰੀ ਪ੍ਰਕਿਰਿਆ ਦੀ ਸੁੱਚਤਾ ਸੰਭਾਲਣ ਅਤੇ ਸਮੁੱਚੀ ਪ੍ਰਣਾਲੀ ਦਾ ਸਰਪ੍ਰਸਤ ਹੋਣਾ ਚਾਹੀਦਾ ਸੀ, ਉਹ ਵੀ ਖਰਾਬੀ ਕਰਨ ਦੀ ਖੇਡ ਵਿੱਚ ਸ਼ਾਮਲ ਨਿਕਲਿਆ ਸੀ। ਇਸ ਤਰ੍ਹਾਂ ਦਾ ਨਹੀਂ, ਪਰ ਇੱਕ ਕਿੱਸਾ ਇਸ ਮਹੀਨੇ ਪਹਿਲੇ ਹਫਤੇ ਰਾਜਸਥਾਨ ਦੀ ਹਾਈ ਕੋਰਟ ਦੇ ਅਨੁਵਾਦ ਕਰਤਿਆਂ ਦੀ ਚੋਣ ਵਿੱਚ ਵੀ ਵਾਪਰ ਗਿਆ ਅਤੇ ਜਦੋਂ ਕੇਸ ਸੁਪਰੀਮ ਕੋਰਟ ਗਿਆ ਤਾਂ ਓਥੇ ਨਾ ਸਿਰਫ ਇਹ ਰੱਦ ਕੀਤਾ ਗਿਆ, ਸਗੋਂ ਭਾਰਤ ਦੇ ਹਰ ਰਾਜ ਦੀ ਹਰ ਸਰਕਾਰ ਅਤੇ ਹਰ ਵਿਭਾਗ ਨੂੰ ਅੱਗੋਂ ਲਈ ਸੁਚੇਤ ਕੀਤਾ ਗਿਆ ਹੈ। ਰਾਜਸਥਾਨ ਹਾਈ ਕੋਰਟ ਵਿੱਚ ਜਦੋਂ ਭਾਰਤੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ ਤਾਂ ਮੁਖੀ ਜੱਜ ਸਾਹਿਬ ਨੇ ਅਚਾਨਕ ਨਿਯਮਾਂ ਵਿੱਚ ਤਬਦੀਲੀ ਕਰ ਕੇ ਨਵੀਂ ਸ਼ਰਤ ਜੋੜ ਦਿੱਤੀ, ਜਿਸ ਨਾਲ ਬਹੁਤ ਸਾਰੇ ਬੱਚੇ ਮੁਕਾਬਲੇ ਤੋਂ ਲਾਂਭੇ ਹੋ ਗਏ। ਸੁਪਰੀਮ ਕੋਰਟ ਨੇ ਹੋਰ ਕੋਈ ਸਖਤੀ ਤਾਂ ਭਾਵੇਂ ਨਹੀਂ ਵਿਖਾਈ, ਪਰ ਹਾਈ ਕੋਰਟ ਦੇ ਮੁੱਖ ਜੱਜ ਸਾਹਿਬ ਵੱਲੋਂ ਲਾਈ ਸ਼ਰਤ ਗਲਤ ਕਰਾਰ ਦੇ ਦਿੱਤੀ ਹੈ ਅਤੇ ਇਸ ਦੇ ਨਾਲ ਭਾਰਤ ਦੇ ਹਰ ਸੂਬੇ ਤੇ ਹਰ ਵਿਭਾਗ ਨੂੰ ਸੰਦੇਸ਼ ਦੇ ਦਿੱਤਾ ਹੈ ਕਿ ਕਿਸੇ ਵੀ ਕਿਸਮ ਦੀ ਭਰਤੀ ਦੀ ਪ੍ਰਕਿਰਿਆ ਦੇ ਸ਼ੁਰੂ ਹੋਣ ਮਗਰੋਂ ਇਸਦੇ ਨਿਯਮਾਂ ਦੀ ਕਿਸੇ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ। ਕਿਸੇ ਖਾਸ ਵਿਅਕਤੀ ਨੂੰ ਦੋਸ਼ੀ ਭਾਵੇਂ ਨਹੀਂ ਕਿਹਾ ਗਿਆ, ਇਸ ਕਾਰਨ ਕੋਈ ਸਜ਼ਾ ਵੀ ਨਹੀਂ ਦਿੱਤੀ, ਪਰ ਇਸ ਫੈਸਲੇ ਨਾਲਭਾਰਤ ਦੇ ਲੋਕਾਂ ਵਿੱਚ ਇਹ ਗੰਢ ਬੱਝ ਗਈ ਹੈ ਕਿ ਗਲਤੀਆਂ ਨਿਆਂ ਪਾਲਿਕਾ ਦੇ ਖੇਤਰ ਵਿੱਚ ਵੀ ਚੋਖੀਆਂ ਹੋ ਜਾਂਦੀਆਂ ਹਨ।


ਏਦਾਂ ਦੇ ਹਾਲਾਤ ਵਿੱਚ ਜਦੋਂ ਸਾਨੂੰ ਦੇਸ਼ ਦੇ ਹਰ ਖੇਤਰ ਵਿੱਚ ਬੇਭਰੋਸਗੀ ਦਾ ਅਮਲ ਦਿਖਾਈ ਦੇਂਦਾ ਹੈ, ਸੁਪਰੀਮ ਕੋਰਟ ਦੇ ਮੁਖੀ ਜੱਜ ਜਸਟਿਸ ਚੰਦਰਚੂੜ ਦੇ ਇਸ ਅਹੁਦੇਉੱਤੇ ਅੰਤਲੇ ਹਫਤਿਆਂ ਵਿੱਚ ਉਸ ਦੀ ਨੁਕਤਾਚੀਨੀ ਹੋਣ ਦਾ ਜਿਹੜਾ ਮਾਹੌਲ ਬਣ ਗਿਆ ਸੀ, ਇਸ ਖੇਤਰ ਵਿੱਚ ਬੇਭਰੋਸਗੀ ਨੂੰਉਸ ਨੇ ਹੋਰ ਗਹਿਰਾ ਕੀਤਾ ਹੈ।ਭਾਰਤ ਦੀ ਸਭ ਤੋਂ ਵੱਡੀ ਨਿਆਂਇਕ ਪਦਵੀ ਦੇ ਆਖਰੀ ਹਫਤੇ ਬੇਭਰੋਸਗੀਅਤੇ ਇਸ ਤੋਂ ਅੱਗੇ ਵਧ ਕੇ ਕੁੜੱਤਣ ਵਰਗਾ ਪ੍ਰਭਾਵ ਦੇਣ ਵਾਲੀ ਇੱਕ ਹੋਰ ਚਰਚਾ ਵੀ ਛਿੜੀ ਹੈ। ਪਤਾ ਲੱਗਾ ਹੈ ਕਿ ਨੌਂ ਜੱਜਾਂ ਦੇ ਬੈਂਚ ਨੇ ਜਦੋਂ ਦੋ ਜੱਜਾਂ ਵੱਲੋਂ ਵਿਰੋਧ ਤੇ ਸੱਤ ਜੱਜਾਂ ਵੱਲੋਂ ਪੱਖ ਵਿੱਚ ਵੋਟ ਵਾਲਾ ਫੈਸਲਾ ਐਲਾਨਿਆਤਾਂ ਚੀਫ ਜਸਟਿਸ ਚੰਦਰਚੂੜ ਨੇ ਏਸੇ ਮੁੱਦੇ ਉੱਤੇ ਕਈ ਸਾਲ ਪਹਿਲਾਂ ਇੱਕ ਏਦਾਂ ਦਾ ਫੈਸਲਾ ਦੇਣ ਵਾਲੇ ਜੱਜਾਂ ਬਾਰੇ ਕੁਝ ਟਿਪਣੀ ਕੀਤੀ ਸੀ। ਉਨ੍ਹਾਂ ਦੀ ਟਿਪਣੀ ਬਾਹਲੀ ਬੁਰਾਈ ਕਰਨ ਵਾਲੀ ਨਹੀਂ, ਉਸ ਸਮੇਂ ਅਤੇ ਅੱਜ ਦੇ ਦੌਰ ਦੇ ਫਰਕ ਵਿੱਚ ਆਮ ਆਦਮੀ ਹੀ ਨਹੀਂ, ਜੱਜ ਸਾਹਿਬਾਨ ਦੀ ਸੋਚ ਦਾ ਫਰਕ ਦੱਸਣ ਵਾਲੀ ਕਹੀ ਜਾ ਸਕਦੀ ਸੀ। ਚਰਚਾ ਸੁਣੀ ਗਈ ਹੈ ਕਿ ਇੱਕ ਜੱਜ ਸਾਹਿਬ ਨੇ ਇਸ ਟਿਪਣੀ ਮਗਰੋਂ ਚੀਫ ਜਸਟਿਸ ਚੰਦਰਚੂੜ ਸਾਹਿਬ ਨੂੰ ਕਹਿ ਦਿੱਤਾ ਕਿ ਤੁਹਾਡੀ ਇਹ ਟਿਪਣੀ ਠੀਕ ਨਹੀਂ ਤੇ ਜਸਟਿਸ ਚੰਦਰਚੂੜ ਨੇ ਏਹੋ ਜਿਹੀ ਗੱਲ ਸੁਣ ਕੇ ਇਹ ਜਤਾਉਣ ਦਾਯਤਨ ਕੀਤਾ ਕਿ ਤੁਸੀਂ ਦੇਸ਼ ਦੇ ਮੁੱਖ ਜੱਜ ਨਾਲ ਗੱਲ ਕਰ ਰਹੇ ਹੋ ਤਾਂ ਤੁਹਾਨੂੰ ਹੱਦ ਵਿੱਚ ਰਹਿਣਾ ਚਾਹੀਦਾ ਹੈ। ਇਸ ਤੋਂ ਇਹ ਵੀ ਬਹਿਸ ਛਿੜ ਗਈ ਕਿ ਚੀਫ ਜਸਟਿਸ ਕੋਈ ਬਹੁਤ ਵਿਲੱਖਣਤਾ ਵਾਲਾ ਨਹੀਂ ਮੰਨਿਆ ਜਾ ਸਕਦਾ, ਮੌਜੂਦਾ ਜੱਜਾਂ ਦਾ ਇੱਕ ਤਰ੍ਹਾਂ ਪ੍ਰਧਾਨਗੀ ਕਰਨ ਵਾਲਾ ਇੱਕ ਜੱਜ ਹੁੰਦਾ ਹੈ, ਇਸ ਕਰ ਕੇ ਉਸ ਬਾਰੇ ਏਹੋ ਜਿਹੀ ਟਿਪਣੀ ਕੋਈ ਮਾਣਹਾਨੀ ਕਰਨ ਵਾਲੀ ਘਟਨਾਂ ਨਹੀਂ। ਉਨ੍ਹਾਂ ਦੀ ਏਹੋ ਜਿਹੀ ਬਹਿਸ ਬਾਰੇ ਕਿਸੇ ਚੈਨਲ ਉੱਤੇ ਹੋ ਰਹੀਚਰਚਾ ਦੀ ਵੀਡੀਓ ਅਸੀਂ ਨਹੀਂ ਵੇਖ ਸਕੇ, ਪਰ ਕੁਝ ਯੂਟਿਊਬ ਚੈਨਲਾਂ ਉੱਤੇ ਉਸ ਮੀਟਿੰਗ ਵਿੱਚ ਏਦਾਂ ਦਾ ਕੁਝ ਵਾਪਰਨ ਦੇ ਬਾਰੇ ਚਰਚਾ ਬੜੀ ਵਿਸਥਾਰ ਵਾਲੀ ਹੁੰਦੀ ਸੁਣ ਲਈ ਹੈ। ਜਿਹੜੇ ਜਸਟਿਸ ਚੰਦਰਚੂੜ ਦਾ ਨਿਆਂ ਪਾਲਿਕਾ ਦੀ ਸਿਖਰਲੀ ਪਦਵੀ ਤੱਕ ਪਹੁੰਚਣ ਅਤੇ ਉਸ ਦੇ ਬਾਅਦ ਵੀ ਕਈ ਚਿਰਾਂ ਤੱਕ ਇੱਕ ਖਾਸ ਤਰ੍ਹਾਂ ਦਾ ਸਤਿਕਾਰ ਹੋਣ ਦੀ ਗੱਲ ਹਰ ਪਾਸੇ ਕਹੀ ਜਾਂਦੀ ਸੀ, ਉਸ ਦੀ ਸਰਵਿਸ ਦੇ ਆਖਰੀ ਹਫਤੇ ਵਿੱਚ ਏਦਾਂ ਦੀ ਬਦ-ਮਜ਼ਾ ਬਹਿਸ ਦਾ ਹੋਣਾ ਇਹ ਜ਼ਾਹਰ ਕਰਦਾ ਹੈ ਕਿ ਇੱਕ ਦੂਸਰੇ ਬਾਰੇ ਕੁੜੱਤਣ ਅਤੇ ਬੇਭਰੋਸਗੀ ਨਿਆਂ ਪਾਲਿਕਾ ਦੇ ਸਿਖਰ ਤੱਕ ਵੀ ਪਹੁੰਚ ਚੁੱਕੀ ਹੈ।

ਅਸੀਂ ਅੱਗੇ ਕਈ ਵਾਰ ਲਿਖ ਚੁੱਕੇ ਹਾਂ ਕਿ ਜਦੋਂ ਦੇਸ਼ ਦੀ ਹਰ ਸ਼ਾਖ ਉੱਤੇ ਉੱਲੂ ਬੈਠੇ ਹੋਣ ਦੀਆਂ ਕਨਸੋਆਂ ਸੁਣ ਰਹੀਆਂ ਹਨ, ਦੇਸ਼ ਦੀ ਫੌਜ ਤੇ ਦੇਸ਼ ਦੀ ਨਿਆਂ ਪਾਲਿਕਾ ਅਜੇ ਵੀ ਵੱਡੀ ਹੱਦ ਤੱਕ ਓਦਾਂ ਦੀ ਬਦਨਾਮੀ ਖੱਟਣ ਤੋਂ ਬਚੀਆਂ ਹੋਈਆਂ ਹਨ। ਜੋ ਕੁਝ ਪਿਛਲੇ ਦਿਨੀਂ ਸੁਪਰੀਮ ਕੋਰਟ ਵਿੱਚ ਹੁੰਦਾ ਚਰਚਾ ਵਿੱਚ ਆਇਆ ਹੈ, ਉਸ ਦੇ ਨਾਲ ਮਨ ਵਿੱਚ ਖਿਆਲ ਆਉਂਦਾ ਹੈ ਕਿ ਜੇ ਇਹ ਦੋਵੇਂ ਖੇਤਰ ਵੀ ਬਚੇ ਨਾ ਰਹਿ ਸਕੇ ਤਾਂ ਭਾਰਤ ਦਾ ਬਣੇਗਾ ਕੀ?









# ਰੂਸ ਨੇ ਯੂਕਰੇਨ ’ਤੇ ਡਰੋਨ ਅਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਕੀਤਾ ਹਮਲਾ, 6 ਮੌਤਾਂ, 30 ਤੋਂ ਵੱਧ ਜ਼ਖਮੀ

ਮਾਸਕੋ, 11 ਨਵੰਬਰ (ਪੋਸਟ ਬਿਊਰੋ): ਰੂਸ ਨੇ ਸੋਮਵਾਰ ਨੂੰ ਯੂਕਰੇਨ 'ਤੇ ਡਰੋਨ ਅਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ। ਇਸ ਦੌਰਾਨ ਰੂਸ ਨੇ ਯੂਕਰੇਨ ਦੇ ਦੱਖਣ-ਪੱਛਮੀ ਸ਼ਹਿਰਾਂ 'ਤੇ ਗਲਾਈਡ ਬੰਬ ਵੀ ਸੁੱਟੇ। ਇਨ੍ਹਾਂ ਹਮਲਿਆਂ ਵਿੱਚ ਛੇ ਯੂਕਰੇਨੀ ਨਾਗਰਿਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 30 ਤੋਂ ਵੱਧ ਜ਼ਖ਼ਮੀ ਹਨ। ਰੂਸ ਵੱਲੋਂ ਨਿਸ਼ਾਨਾ ਬਣਾਏ ਗਏ ਯੂਕਰੇਨ ਦੇ ਸ਼ਹਿਰ ਯੁੱਧ ਖੇਤਰ ਦੀ ਫਰੰਟ ਲਾਈਨ ਤੋਂ 1000 ਕਿਲੋਮੀਟਰ ਦੇ ਘੇਰੇ ਵਿੱਚ ਹਨ। ਸੋਮਵਾਰ ਨੂੰ ਰੂਸੀ ਹਮਲੇ ਵਿੱਚ ਮਾਰੇ ਗਏ ਪੰਜ ਨਾਗਰਿਕਾਂ ਵਿੱਚੋਂ ਜ਼ਿਆਦਾਤਰ ਦੱਖਣੀ ਸ਼ਹਿਰ ਮਾਈਕੋਲਾਈਵ ਵਿੱਚ ਸਨ। ਇਸ ਸ਼ਹਿਰ 'ਤੇ ਰੂਸ ਨੇ ਡਰੋਨ ਨਾਲ ਹਮਲਾ ਕੀਤਾ ਸੀ। ਹਮਲੇ 'ਚ 45 ਸਾਲਾ ਔਰਤ ਵੀ ਜ਼ਖ਼ਮੀ ਹੋ ਗਈ।



ਇਸ ਤੋਂ ਇਲਾਵਾ ਰੂਸ ਨੇ ਜ਼ਪੋਰੀਜ਼ੀਆ ਸ਼ਹਿਰ 'ਤੇ 3 ਸ਼ਕਤੀਸ਼ਾਲੀ ਗਲਾਈਡ ਬੰਬ ਦਾਗੇ। ਇਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਰੂਸ ਦਾ ਇਹ ਹਮਲਾ ਐਤਵਾਰ ਨੂੰ ਮਾਸਕੋ 'ਤੇ ਯੂਕਰੇਨ ਦੇ ਡਰੋਨ ਹਮਲੇ ਦੇ ਜਵਾਬ 'ਚ ਆਇਆ ਹੈ। ਯੂਕਰੇਨ ਨੇ ਐਤਵਾਰ ਨੂੰ ਰੂਸ ਦੀ ਰਾਜਧਾਨੀ 'ਤੇ 34 ਡਰੋਨਾਂ ਨਾਲ ਹਮਲਾ ਕੀਤਾ।

ਯੂਕਰੇਨ ਦੀ ਖੁਫੀਆ ਏਜੰਸੀ ਨੇ ਇੱਕ ਬਿਆਨ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਉਸ ਨੇ ਇੱਕ ਹਮਲੇ ਵਿੱਚ ਇੱਕ ਰੂਸੀ ਫੌਜੀ ਹੈਲੀਕਾਪਟਰ ਐੱਮਆਈ-24 ਨੂੰ ਤਬਾਹ ਕਰ ਦਿੱਤਾ। ਇਹ ਹਮਲਾ ਰੂਸ ਦੀ ਰਾਜਧਾਨੀ ਮਾਸਕੋ ਨੇੜੇ ਕਲਿਨ-5 ਏਅਰਫੀਲਡ 'ਤੇ ਕੀਤਾ ਗਿਆ। ਹੈਲੀਕਾਪਟਰ ਇਸ ਏਅਰਫੀਲਡ 'ਤੇ ਖੜ੍ਹਾ ਸੀ।

ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਸੋਮਵਾਰ ਨੂੰ ਯੂਕਰੇਨ ਦੇ 17 ਡਰੋਨਾਂ ਨੂੰ ਸੁੱਟ ਦਿੱਤਾ ਸੀ। ਇਹ ਡਰੋਨ ਰੂਸ ਦੇ ਕੁਰਸਕ, ਬੇਲਗੋਰੋਡ ਅਤੇ ਵੇਰੋਨੇਸ ਇਲਾਕਿਆਂ ਵਿੱਚ ਮਾਰੇ ਗਏ।

# ਛੱਤੀਸਗੜ੍ਹ ਵਿਚ ਜੰਗਲੀ ਹਾਥੀਆਂ ਦੇ ਹਮਲੇ ’ਚ 2 ਬੱਚਿਆਂ ਦੀ ਮੌਤ

ਸੂਰਜਪੁਰ, 11 ਨਵੰਬਰ (ਪੋਸਟ ਬਿਊਰੋ): ਛੱਤੀਸਗੜ੍ਹ ਦੇ ਸੂਰਜਪੁਰ ਜ਼ਿਲ੍ਹੇ ’ਚ ਪਿਛਲੇ ਦਿਨ ਜੰਗਲੀ ਹਾਥੀਆਂ ਦੇ ਝੁੰਡ ਦੇ ਹਮਲੇ ’ਚ ਦੋ ਬੱਚਿਆਂ ਦੀ ਮੌਤ ਹੋ ਗਈ। ਜੰਗਲਾਤ ਵਿਭਾਗ ਦੇ ਇਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦਸਿਆ ਕਿ ਇਹ ਘਟਨਾ ਸ਼ਨੀਵਾਰ ਰਾਤ ਨੂੰ ਰਾਮਾਨੁਜਨਗਰ ਜੰਗਲਾਤ ਰੇਂਜ ਦੇ ਮਹੇਸ਼ਪੁਰ ਪਿੰਡ ਨੇੜੇ ਟੋਂਗਤਈਆ ਪਹਾੜੀ ’ਤੇ ਵਾਪਰੀ। ਉਨ੍ਹਾਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਪਾਂਡੋ ਕਬੀਲੇ ਨਾਲ ਸਬੰਧਤ ਦਿਸ਼ੂ (11) ਅਤੇ ਉਸ ਦੀ ਭੈਣ ਕਾਜਲ (5) ਵਜੋਂ ਹੋਈ ਹੈ।

ਪਾਂਡੋ ਕਬੀਲਾ ਇਕ ਵਿਸ਼ੇਸ਼ ਤੌਰ ’ਤੇ ਕਮਜ਼ੋਰ ਕਬਾਇਲੀ ਸਮੂਹ ਹੈ। ਮੁੱਢਲੀ ਜਾਣਕਾਰੀ ਮੁਤਾਬਕ 11 ਹਾਥੀਆਂ ਦੇ ਝੁੰਡ ਨੇ ਪਹਾੜੀ ’ਤੇ ਬਣੀ ਝੌਂਪੜੀ ’ਤੇ ਹਮਲਾ ਕਰ ਦਿੱਤਾ। ਅਧਿਕਾਰੀ ਨੇ ਦਸਿਆ ਕਿ ਮਾਪੇ ਭੱਜਣ ’ਚ ਕਾਮਯਾਬ ਹੋ ਗਏ ਪਰ ਹਾਥੀਆਂ ਦੇ ਹਮਲੇ ’ਚ ਬੱਚਿਆਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਜੰਗਲਾਤ ਅਤੇ ਪੁਲਿਸ ਕਰਮਚਾਰੀ ਮੌਕੇ ’ਤੇ ਪਹੁੰਚੇ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿਤਾ।



ਅਧਿਕਾਰੀ ਨੇ ਦਸਿਆ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ 25-25 ਹਜ਼ਾਰ ਰੁਪਏ ਦੀ ਤੁਰੰਤ ਰਾਹਤ ਦਿੱਤੀ ਗਈ ਹੈ ਅਤੇ ਬਾਕੀ 5.75 ਲੱਖ ਰੁਪਏ ਦਾ ਮੁਆਵਜ਼ਾ ਰਸਮੀ ਕਾਰਵਾਈਆਂ ਤੋਂ ਬਾਅਦ ਵੰਡਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਹਮਲੇ ਤੋਂ ਬਾਅਦ ਪਹਾੜੀ ’ਤੇ ਸਥਿਤ ਚਾਰ ਹੋਰ ਝੌਂਪੜੀਆਂ ਖਾਲੀ ਕਰ ਦਿੱਤੀਆਂ ਗਈਆਂ ਅਤੇ ਵਸਨੀਕ ਪ੍ਰੇਮ ਨਗਰ ਚਲੇ ਗਏ। ਅਧਿਕਾਰੀ ਨੇ ਦੱਸਿਆ ਕਿ ਝੁੰਡ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਨੁੱਖੀ-ਹਾਥੀ ਟਕਰਾਅ ਪਿਛਲੇ ਇੱਕ ਦਹਾਕੇ ਤੋਂ ਚਿੰਤਾ ਦਾ ਵਿਸ਼ਾ ਰਿਹਾ ਹੈ।

# ਹਿਜ਼ਬੁੱਲਾ ਨੇ ਇਜ਼ਰਾਈਲ ’ਤੇ 165 ਰਾਕੇਟ ਦਾਗੇ, 7 ਜ਼ਖਮੀ, ਬੰਦਰਗਾਹ ਸ਼ਹਿਰ ਹੈਫਾ ’ਤੇ ਵੀ ਰਾਕੇਟ ਹਮਲੇ

ਤਲਅਵੀਵ, 11 ਨਵੰਬਰ (ਪੋਸਟ ਬਿਊਰੋ): ਹਿਜ਼ਬੁੱਲਾ ਨੇ ਸੋਮਵਾਰ ਨੂੰ ਇਜ਼ਰਾਈਲ 'ਤੇ 165 ਤੋਂ ਜ਼ਿਆਦਾ ਰਾਕੇਟਾਂ ਨਾਲ ਹਮਲਾ ਕੀਤਾ। ਇਜ਼ਰਾਈਲ ਦੇ ਉੱਤਰੀ ਸ਼ਹਿਰ ਬੀਨਾ ਵਿੱਚ ਹੋਏ ਇਸ ਹਮਲੇ ਵਿੱਚ ਇੱਕ ਬੱਚੇ ਸਮੇਤ ਸੱਤ ਲੋਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਇਲਾਵਾ ਇਸ ਹਮਲੇ ਵਿੱਚ ਗਲੀਲੀ ਸ਼ਹਿਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇੱਥੇ 55 ਰਾਕੇਟ ਦਾਗੇ ਗਏ।

ਜਦੋਂਕਿ ਹਿਜ਼ਬੁੱਲਾ ਨੇ ਹੈਫਾ ਸ਼ਹਿਰ 'ਤੇ 90 ਰਾਕੇਟ ਦਾਗੇ। ਇਜ਼ਰਾਈਲੀ ਰੱਖਿਆ ਬਲ (ਆਈਡੀਐੱਫ) ਅਨੁਸਾਰ, ਹਿਜ਼ਬੁੱਲਾ ਨੇ ਪਹਿਲੀ ਵਾਰ ਹੈਫਾ 'ਤੇ 80 ਰਾਕੇਟ ਦਾਗੇ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਹਵਾ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਦੂਜੀ ਵਾਰ 10 ਰਾਕੇਟ ਦਾਗੇ ਗਏ।



ਆਈਡੀਐੱਫ ਨੇ ਹੈਫਾ 'ਤੇ ਹਮਲੇ ਦੇ ਕੁਝ ਘੰਟਿਆਂ ਬਾਅਦ ਹਿਜ਼ਬੁੱਲਾ ਰਾਕੇਟ ਲਾਂਚਰਾਂ ਨੂੰ ਨਸ਼ਟ ਕਰ ਦਿੱਤਾ। ਇਜ਼ਰਾਈਲ ਨੇ 54 ਦਿਨਾਂ ਬਾਅਦ 17 ਸਤੰਬਰ ਨੂੰ ਲੇਬਨਾਨ ਵਿੱਚ ਹਿਜ਼ਬੁੱਲਾ ਦੇ ਮੈਂਬਰਾਂ ਦੇ ਪੇਜਰ ਵਿੱਚ ਹੋਏ ਲੜੀਵਾਰ ਧਮਾਕਿਆਂ ਦੀ ਜ਼ਿੰਮੇਵਾਰੀ ਲਈ ਹੈ। ਪ੍ਰਧਾਨ ਮੰਤਰੀ ਨੇਤਨਯਾਹੂ ਨੇ ਐਤਵਾਰ ਨੂੰ ਮੰਨਿਆ ਕਿ ਉਨ੍ਹਾਂ ਨੇ ਇਜ਼ਰਾਈਲ ਦੀ ਸੁਰੱਖਿਆ ਨੂੰ ਲੈ ਕੇ ਹਮਲੇ ਨੂੰ ਮਨਜ਼ੂਰੀ ਦਿੱਤੀ ਸੀ।

# ਸੰਧਵਾਂ ਵੱਲੋਂ ਅਮਰੀਕਾ ਦੇ ਪੰਜਾਬੀਆਂ ਨੂੰ ਪੰਜਾਬ ’ਚ ਨਿਵੇਸ਼ ਦਾ ਸੱਦਾ

*** ਕਿਹਾ, ਪੰਜਾਬ ਸਰਕਾਰ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ * ਕੌਂਸਲੇਟ ਜਨਰਲ ਆਫ ਇੰਡੀਆ ਸਾਨ ਫਰਾਂਸਿਸਕੋ ਨੇ ਸੰਧਵਾਂ ਦਾ ਕੀਤਾ ਵਿਸ਼ੇਸ਼ ਸਨਮਾਨ**

ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ): ਅਮਰੀਕਾ ਦੌਰੇ ’ਤੇ ਗਏ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਮਰੀਕਾ ਵਸਦੇ ਪੰਜਾਬੀਆਂ ਨੂੰ ਪੰਜਾਬ ‘ਚ ਨਿਵੇਸ਼ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ।

ਬੀਤੇ ਦਿਨੀਂ ਗਦਰ ਮੈਮੋਰੀਅਲ ਹਾਲ, ਸਾਨ ਫਰਾਂਸਿਸਕੋ ਵਿਖੇ ਕੌਂਸਲੇਟ ਜਨਰਲ ਆਫ ਇੰਡੀਆ, ਸਾਨ ਫਰਾਂਸਿਸਕੋ ਵੱਲੋਂ ਕੀਤੇ ਗਏ ਸਨਮਾਨ ਸਮਾਰੋਹ ਮੌਕੇ ਕੌਂਸਲੇਟ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦਯੋਗ ਵਿਭਾਗ ਇੱਕ ਸਿੰਗਲ ਵਿੰਡੋ ਸਿਸਟਮ ਰਾਹੀਂ ਪੰਜਾਬ ‘ਚ ਨਿਵੇਸ਼ ਸਬੰਧੀ ਸੇਵਾਵਾਂ ਦੇ ਰਿਹਾ ਹੈ। ਉਨ੍ਹਾਂ ਕਿਹਾ ਪੰਜਾਬ ਨਿਵੇਸ਼ ਲਈ ਬਹੁਤ ਹੀ ਸਾਜਗਾਰ ਮਾਹੌਲ ਵਾਲਾ ਸੂਬਾ ਹੈ, ਜਿੱਥੇ ਇੱਕੋ ਛੱਤ ਥੱਲੇ ਉਦਯੋਗਾਂ ਸਬੰਧੀ ਸਮੁੱਚੀਆਂ ਸੇਵਾਵਾਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ।

ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਐਨ.ਆਰ.ਆਈਜ਼ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਵਚਨਬੱਧ ਹੈ ਅਤੇ ਇਸ ਸਬੰਧੀ ਇੱਕ ਵਿਸ਼ੇਸ਼ ਪ੍ਰਣਾਲੀ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ।



ਸੰਧਵਾਂ ਨੇ ਕਿਹਾ ਕਿ ਪੰਜਾਬੀ ਭਾਵੇਂ ਦੁਨੀਆਂ ਦੇ ਕਿਸੇ ਵੀ ਦੇਸ਼ ‘ਚ ਵਸਦੇ ਹੋਣ, ਪੰਜਾਬ ਪ੍ਰਤੀ ਦਰਦ ਤੇ ਅਪਣੱਤ ਉਨ੍ਹਾਂ ਦੇ ਦਿਲ ‘ਚ ਹਮੇਸ਼ਾ ਮੌਜੂਦ ਰਹਿੰਦਾ ਹੈ। ਉਨ੍ਹਾਂ ਐਨ.ਆਰ.ਆਈਜ਼ ਨੂੰ ਪੰਜਾਬ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਆਪਣੀ ਵਿਰਾਸਤ ਅਤੇ ਆਪਣਾ ਭਾਈਚਾਰਾ ਕਦੇ ਵੀ ਵਿਸਾਰਿਆ ਜਾ ਸਕਦਾ ਅਤੇ ਪੰਜਾਬੀ ਆਪਸੀ ਭਾਈਚਾਰੇ ਲਈ ਦੁਨੀਆਂ ਭਰ ‘ਚ ਮਸ਼ਹੂਰ ਵੀ ਹਨ।

ਇਸ ਮੌਕੇ ਕੌਂਸਲ ਜਨਰਲ ਡਾ. ਸ਼੍ਰੀਕਰ ਰੈਡੀ, ਡਿਪਟੀ ਕੌਂਸਲ ਜਨਰਲ ਅਧਲੱਖਾ, ਪਾਲ ਸਹੋਤਾ, ਡਾ. ਰਮੇਸ਼ ਯਾਪਰਾ, ਡਾ. ਹਰਮੇਸ਼ ਕੁਮਾਰ, ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਗੁਲਵਿੰਦਰ ਗਿੱਲ ਅਤੇ ਗੁਰਦੀਪ ਸਿੰਘ ਗਿੱਲ ਸਮੇਤ ਹੋਰਾਂ ਸਖਸ਼ੀਅਤਾਂ ਨੇ ਵੀ ਆਪਣੇ ਵਿਚਾਰ ਰੱਖੇ।

# ਬਿੱਲ ਕਲੀਅਰ ਕਰਨ ਬਦਲੇ 15000 ਰੁਪਏ ਰਿਸ਼ਵਤ ਲੈਂਦੀ ਐਸਡੀਓ ਤੇ ਉਸਦਾ ਸਹਾਇਕ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ 15000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਐਸ.ਡੀ.ਓ ਨੇਹਾ ਪੰਚਾਲ ਅਤੇ ਉਸ ਦੇ ਸਹਾਇਕ ਨੈਤਿਕ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਕੇਸ ਲੁਧਿਆਣਾ ਦੀ ਗਗਨਦੀਪ ਕਲੋਨੀ, ਭੱਟੀਆਂ ਬੇਟ ਦੇ ਵਸਨੀਕ ਅਤੇ ਪੀਟਾਮਾਸ ਪ੍ਰਾਈਵੇਟ ਲਿਮਟਿਡ ਕੰਪਨੀ, ਲੁਧਿਆਣਾ ਦੇ ਜਨਰਲ ਮੈਨੇਜਰ ਸੁਸ਼ੀਲ ਕੁਮਾਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ।

ਸ਼ਿਕਾਇਤ ਅਨੁਸਾਰ ਉਕਤ ਕੰਪਨੀ ਕਮਿਸ਼ਨਰ, ਨਗਰ ਨਿਗਮ ਲੁਧਿਆਣਾ ਅਧੀਨ ਲੁਧਿਆਣਾ ਸਮਾਰਟ ਸਿਟੀ ਪ੍ਰੋਜੈਕਟ ਲਈ ਆਈ.ਈ.ਸੀ. ਸਲਾਹਕਾਰ ਵਜੋਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ ਅਤੇ ਇਸ ਕੰਪਨੀ ਨੂੰ 01-10-2023 ਤੋਂ 30-09-2024 ਤੱਕ ਟੈਂਡਰ ਅਲਾਟ ਕੀਤਾ ਗਿਆ ਸੀ।



ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਤੱਕ ਪਹੁੰਚ ਕਰਕੇ ਦੱਸਿਆ ਹੈ ਕਿ ਉਕਤ ਕੰਪਨੀ ਦਾ ਕੁੱਲ 7,08,000 ਰੁਪਏ ਦਾ ਸਾਲਾਨਾ ਬਿੱਲ ਨਗਰ ਨਿਗਮ ਜ਼ੋਨ-ਡੀ, ਲੁਧਿਆਣਾ ਵਿਖੇ ਸਮਾਰਟ ਸਿਟੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਇਆ ਗਿਆ ਸੀ।

ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਜਦੋਂ ਉਹ ਐਸ.ਡੀ.ਓ ਮੈਡਮ ਨੇਹਾ ਪੰਚਾਲ ਦੇ ਦਫ਼ਤਰ ਗਿਆ ਤਾਂ ਉਨ੍ਹਾਂ ਨੇ ਬਿੱਲ ਪਾਸ ਕਰਵਾਉਣ ਬਦਲੇ 15000 ਰੁਪਏ ਜਾਂ ਕੁੱਲ ਰਕਮ ਦਾ 2 ਪ੍ਰਤੀਸ਼ਤ ਰਿਸ਼ਵਤ ਦੇਣ ਦੀ ਮੰਗ ਕੀਤੀ ਅਤੇ ਸ਼ਿਕਾਇਤਕਰਤਾ ਨੇ ਐਸ.ਡੀ.ਓ. ਨੇਹਾ ਨਾਲ ਹੋਈ ਗੱਲਬਾਤ ਦੀ ਰਿਕਾਰਡਿੰਗ ਵੀ ਬਣਾ ਲਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਪੜਤਾਲ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਐਸ.ਡੀ.ਓ ਨੇਹਾ ਪੰਚਾਲ ਦੇ ਸਹਾਇਕ ਨੈਤਿਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਗਿਆ। ਦੱਸਣਯੋਗ ਹੈ ਕਿ ਨੈਤਿਕ ਨੂੰ ਐਸ.ਡੀ.ਓ. ਨੇਹਾ ਵੱਲੋਂ ਰਿਸ਼ਵਤ ਦੀ ਰਕਮ ਵਸੂਲਣ ਲਈ ਭੇਜਿਆ ਗਿਆ ਸੀ। ਇਸ ਤੋਂ ਬਾਅਦ ਇਸ ਕੇਸ ਵਿੱਚ ਐਸ.ਡੀ.ਓ. ਨੇਹਾ ਪੰਚਾਲ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ। ਦੋਵਾਂ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਜ਼ਮੀਨ ਦੀ ਰਜਿਸਟਰੀ ਕਰਵਾਉਣ ਬਦਲੇ 10 ਹਜ਼ਾਰ ਰੁਪਏ ਰਿਸ਼ਵਤ ਲੈਣ ਵਾਲਾ ਟਾਈਪਿਸਟ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਜ਼ਿਲ੍ਹਾ ਕੋਰਟ ਕੰਪਲੈਕਸ ਬਠਿੰਡਾ ਵਿਖੇ ਕੰਮ ਕਰਦੇ ਇੱਕ ਟਾਈਪਿਸਟ ਦੀਪਕ ਕੁਮਾਰ ਨੂੰ ਮਾਲ ਮਹਿਕਮੇ ਦੇ ਕਰਮਚਾਰੀਆਂ ਦੀ ਤਰਫ਼ੋਂ 10,000 ਰੁਪਏ ਰਿਸ਼ਵਤ ਲੈਣ ਅਤੇ ਮੰਗਣ ਦੇ ਦੋਸ਼ ਹੇਠ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਸੰਤ ਵਿਹਾਰ ਨਗਰ, ਬਠਿੰਡਾ ਵਿਖੇ ਰਹਿਣ ਵਾਲੇ ਮੁਲਜ਼ਮ ਟਾਈਪਿਸਟ ਖ਼ਿਲਾਫ਼ ਇਹ ਕੇਸ ਬਠਿੰਡਾ ਜ਼ਿਲ੍ਹੇ ਦੇ ਬੁਰਜ ਕਾਹਨ ਸਿੰਘ ਵਾਲਾ ਦੇ ਵਾਸੀ ਗੁਰਸਹਿਜ ਸਿੰਘ, ਜੋ ਹੁਣ ਗੋਨਿਆਣਾ ਮੰਡੀ ਵਿਖੇ ਰਹਿ ਰਿਹਾ ਹੈ, ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਟਾਈਪਿਸਟ ਨੇ ਸਬ-ਰਜਿਸਟਰਾਰ ਦਫ਼ਤਰ ਬਠਿੰਡਾ ਵਿੱਚ ਜ਼ਮੀਨ ਦੀ ਰਜਿਸਟਰੀ ਕਰਵਾਉਣ ਬਦਲੇ ਸਬੰਧਤ ਨੰਬਰਦਾਰ ਦੇ ਨਾਲ-ਨਾਲ ਸਬ-ਰਜਿਸਟਰਾਰ ਦੇ ਰੀਡਰ ਅਤੇ ਕਲਰਕ ਨੂੰ ਪੈਸੇ ਦੇਣ ਲਈ ਰਿਸ਼ਵਤ ਵਜੋਂ 20000 ਰੁਪਏ ਦੀ ਮੰਗ ਕੀਤੀ ਸੀ। ਉਸ ਨੇ ਦੋਸ਼ ਲਾਇਆ ਕਿ ਉਸ ਦੇ ਵਾਰ-ਵਾਰ ਬੇਨਤੀ ਕਰਨ ’ਤੇ ਉਕਤ ਮੁਲਜ਼ਮ 10 ਹਜ਼ਾਰ ਰੁਪਏ ਰਿਸ਼ਵਤ ਲੈਣ ਲਈ ਰਾਜ਼ੀ ਹੋ ਗਿਆ। ਸ਼ਿਕਾਇਤਕਰਤਾ ਨੇ ਟਾਈਪਿਸਟ ਅਤੇ ਉਸ ਦਰਮਿਆਨ ਹੋਈ ਗੱਲਬਾਤ ਰਿਕਾਰਡ ਕਰ ਲਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਪਾਏ ਗਏ। ਇਸ ਸਬੰਧੀ ਮੁਲਜ਼ਮ ਟਾਈਪਿਸਟ ਖਿਲਾਫ਼ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਦੌਰਾਨ ਹੋਰਨਾਂ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।







The Mortgage Centre
We work for *you*, not the lenders.




Debt Consolidation | Renovations & Repairs | Avoiding High penalities

if you are looking for independent mortgage or protection advice....
We're here to help.
* Competitive rates
* Flexible terms
* Fast approval process

No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
The Mortgage Centre -4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com




Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

SOLD in *BRAMPTON*
Clarkway/Cottrelle/Hwy 50



2100 sq.ft. ਸੈਮੀ-ਡਿਟੈਚਡ ਹਾਊਸ
4+2 ਬੈਡਰੂਮ + 4 ਵਾਸ਼ਰੂਮ
2 ਬੈਡਰੂਮ ਫਿਨੀਸ਼ਡ ਬੇਸਮੈਂਟ
9 ਫੁੱਟ ਸੀਲਿੰਗ,
Quartz ਕਾਊਂਟਰਟੋਪ, 5-ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary on ਮੇਨ ਫਲੋਰ ਅਤੇ ਬੇਸਮੈਂਟ ਵਿੱਚ।
ਸਹੂਲਤਾਂ ਦੇ ਬਹੁਤ ਨੇੜੇ - ਗਰੋਸਰੀ ਸਟੋਰ, Shoppers, Pizza Pizza..

Listed in *MISSISSAUGA*
Burnhamthorpe/Confederation



900-999 sq.ft. ਲੇਕ ਵੀਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ,
ਨਵਾਂ ਪੇਂਟ, ਨਵੇਂ ਲੈਂਮੀਨੇਟ ਫਲੋਰ,
ਬਹੁਤ ਖੁੱਲੀ ਬਾਲਕੋਨੀ,
2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ Square One + Celebration Square, Grand Park Plaza, Sheridan College Campus.

Listed in *BRAMPTON*
Bramalea/Queen St/Hwy 7



1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਂਮੀਨੇਟ ਅਤੇ ਸਿਰਾਨੀਕ ਫਲੋਰ, No ਕਾਰਪੇਟ।
ਬਹੁਤ ਖੁੱਲੀ ਕੀਚਨ
ਮਾਸਟਰ ਬੈਡਰੂਮ ਵਿੱਚ 2-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Walking distance to Bramalea City Centre & more.

Listed in *BRAMPTON*
Bovaird/ Mclaughlin/Fletchers Creek Blvd



2000 sq.ft. ਸੈਮੀ-ਡਿਟੈਚਡ ਹਾਊਸ
4+1 ਬੈਡਰੂਮ + 4 ਵਾਸ਼ਰੂਮ
1 ਬੈਡਰੂਮ ਫਿਨੀਸ਼ਡ ਬੇਸਮੈਂਟ
with separate entrance.
Double door entry, ਮਾਸਟਰ ਬੈਡਰੂਮ ਵਿੱਚ 5-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੈਂਟ ਵਿੱਚ। Newly ਅਪਗਰੇਡਿਡ।

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com